SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 22* Issue 101 | Wednesday, May 24, 2023 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਜੂਨ ਤੋਂ ਕੈਨੇਡਾ ਦੇ ਕਈ ਏਅਰਪੋਰਟਸ ਉੱਤੇ ਲਾਗੂ ਹੋਵੇਗਾ ਭਰੋਸੇਯੋਗ ਟਰੈਵਲਰ ਪ੍ਰੋਗਰਾਮ



ਓਟਵਾ, 23 ਮਈ (ਪੋਸਟ ਬਿਊਰੋ) : ਦੇਸ਼ ਭਰ ਦੇ ਕਈ ਏਅਰਪੋਰਟਸ ਉੱਤੇ ਕੈਨੇਡਾ ਅਗਲੇ ਮਹੀਨੇ ਤੋਂ ਭਰੋਸੇਯੋਗ ਟਰੈਵਲਰ ਪ੍ਰੋਗਰਾਮ ਸ਼ੁਰੂ ਕਰਨ ਜਾ ਰਿਹਾ ਹੈ। ਇਸ ਦਾ ਖੁਲਾਸਾ ਫੈਡਰਲ ਟਰਾਂਸਪੋਰਟੇਸ਼ਨ ਮੰਤਰੀ ਨੇ ਮੰਗਲਵਾਰ ਨੂੰ ਕੀਤਾ।

ਟਰਾਂਸਪੋਰਟ ਮੰਤਰੀ ਓਮਰ ਅਲਘਬਰਾ ਨੇ ਦੱਸਿਆ ਕਿ ਸਕਿਊਰਿਟੀ ਉੱਤੇ ਸਮਾਂ ਖਪਾਉਣ ਵਾਲੀ ਲੰਮੀਂ ਪ੍ਰਕਿਰਿਆ ਨੂੰ ਖ਼ਤਮ ਕਰਨ ਲਈ ਨੈਕਸਸ ਤੇ ਭਰੋਸੇਯੋਗ ਟਰੈਵਲਰ ਪ੍ਰੋਗਰਾਮ ਤੇਜ਼ੀ ਨਾਲ ਲਾਗੂ ਕੀਤਾ ਜਾਵੇਗਾ। ਇਹ ਪ੍ਰੋਗਰਾਮ ਟੋਰਾਂਟੋ, ਵੈਨਕੂਵਰ, ਕੈਲਗਰੀ, ਐਡਮੰਟਨ, ਵਿੰਨੀਪੈਗ ਤੇ ਮਾਂਟਰੀਅਲ ਵਿੱਚ 7 ਜੂਨ ਤੇ 21 ਜੂਨ ਦਰਮਿਆਨ ਲਾਗੂ ਕੀਤਾ ਜਾਵੇਗਾ। ਟੋਰਾਂਟੋ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਉੱਤੇ ਅਲਘਬਰਾ ਵੱਲੋਂ ਇਹ ਐਲਾਨ ਕੀਤਾ ਗਿਆ।

ਉਨ੍ਹਾਂ ਆਖਿਆ ਕਿ ਇਸ ਨਵੇਂ ਪ੍ਰੋਗਰਾਮ ਤਹਿਤ ਟਰੈਵਲਰਜ਼ ਆਪਣੇ ਕੈਰੀ ਆਨ ਵਿੱਚ ਲੈਪਟੌਪ, ਵੱਡੇ ਇਲੈਕਟ੍ਰੌਨਿਕ ਗੈਜੇਟਸ ਤੋਂ ਇਲਾਵਾ ਕੁੱਝ ਲਿਕੁਇਡਸ ਤੇ ਜੈੱਲਜ਼ ਆਦਿ ਵੀ ਲਿਜਾ ਸਕਣਗੇ।

## ਫੋਰਟਿਨ ਖਿਲਾਫ ਕੇਸ ਨੂੰ ਕਿਸ ਤਰ੍ਹਾਂ ਹੈਂਡਲ ਕੀਤਾ ਗਿਆ ਇਸ ਦੀ ਜਾਂਚ ਕਰੇਗਾ ਮਿਲਟਰੀ ਪੁਲਿਸ ਵਾਚਡੌਗ



ਓਟਵਾ, 23 ਮਈ (ਪੋਸਟ ਬਿਊਰੋ) : ਕੈਨੇਡਾ ਦੇ ਕੋਵਿਡ-19 ਵੈਕਸੀਨ ਵੰਡ ਵਿੱਚ ਕੇਂਦਰੀ ਭੂਮਿਕਾ ਨਿਭਾਉਣ ਵਾਲੇ ਸੀਨੀਅਰ ਮਿਲਟਰੀ ਅਧਿਕਾਰੀ ਖਿਲਾਫ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਦੇ ਮਾਮਲੇ ਨੂੰ ਜਾਂਚਕਾਰਾਂ ਵੱਲੋਂ ਕਿਸ ਤਰ੍ਹਾਂ ਹੈਂਡਲ ਕੀਤਾ ਗਿਆ ਇਸ ਸਬੰਧ ਵਿੱਚ ਮਿਲਟਰੀ ਪੁਲਿਸ ਵਾਚਡੌਗ ਵੱਲੋਂ ਜਾਂਚ ਸ਼ੁਰੂ ਕੀਤੀ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਦਸੰਬਰ ਵਿੱਚ ਮੇਜਰ ਜਨਰਲ ਡੈਨੀ ਫੋਰਟਿਨ ਨੂੰ ਕਿਊਬਿਕ ਦੀ ਇੱਕ ਅਦਾਲਤ ਵੱਲੋਂ ਜਿਨਸੀ ਹਮਲੇ ਦੇ ਮਾਮਲੇ ਵਿੱਚ ਬਰੀ ਕਰ ਦਿੱਤਾ ਗਿਆ ਸੀ। 1988 ਦੇ ਇਸ ਮਾਮਲੇ ਵਿੱਚ ਲੱਗੇ ਦੋਸ਼ਾਂ ਦੀ ਜਾਂਚ ਮਿਲਟਰੀ ਪੁਲਿਸ ਵੱਲੋਂ ਕੀਤੀ ਗਈ ਤੇ ਇਹ ਮਾਮਲਾ ਪ੍ਰੋਵਿੰਸ਼ੀਅਲ ਪ੍ਰੌਸੀਕਿਊਟਰਜ਼ ਨੂੰ ਸੌਂਪਿਆ ਗਿਆ। ਫੋਰਟਿਨ ਵੱਲੋਂ ਇਹ ਦਾਅਵਾ ਕੀਤਾ ਗਿਆ ਕਿ ਇਸ ਮਾਮਲੇ ਦੀ ਜਾਂਚ ਸਹੀ ਢੰਗ ਨਾਲ ਨਹੀਂ ਕੀਤੀ ਗਈ ਤੇ ਉਸ ਨੂੰ ਨਾਕਾਫੀ ਸਬੂਤਾਂ ਦੇ ਅਧਾਰ ਉੱਤੇ ਚਾਰਜ ਕੀਤਾ ਗਿਆ।

ਹੁਣ ਇਸ ਮਾਮਲੇ ਦੀ ਜਾਂਚ ਮਿਲਟਰੀ ਪੁਲਿਸ ਕੰਪਲੇਂਟਸ ਕਮਿਸ਼ਨ ਵੱਲੋਂ ਕੀਤੀ ਜਾ ਰਹੀ ਹੈ ਤੇ ਇਹ ਵੀ ਆਖਿਆ ਗਿਆ ਹੈ ਕਿ ਉਹ ਇਹ ਪਤਾ ਲਾਉਣਾ ਚਾਹੁੰਦੇ ਹਨ ਕਿ ਮਿਲਟਰੀ ਪੁਲਿਸ ਨੇ ਇਸ ਮਾਮਲੇ ਨੂੰ ਕਿਸ ਤਰ੍ਹਾਂ ਹੈਂਡਲ ਕੀਤਾ। ਕਮਿਸ਼ਨ ਵੱਲੋਂ ਇਹ ਵੀ ਆਖਿਆ ਗਿਆ ਹੈ ਕਿ ਫੋਰਟਿਨ ਦੇ ਇਸ ਦਾਅਵੇ ਕਾਰਨ ਤਾਂ ਇਹ ਮਸਲਾ ਸਗੋਂ ਹੀ ਜਨਤਕ ਦਿਲਚਸਪੀ ਵਾਲਾ ਬਣ ਜਾਂਦਾ ਹੈ ਕਿ ਇਸ ਵਿੱਚ ਸੀਨੀਅਰ ਮਿਲਟਰੀ ਅਧਿਕਾਰੀ ਸ਼ਾਮਲ ਸਨ।

ਜ਼ਿਕਰਯੋਗ ਹੈ ਕਿ ਫੋਰਟਿਨ ਮਈ 2021 ਵਿੱਚ ਫੈਡਰਲ ਸਰਕਾਰ ਦੀ ਕੋਵਿਡ-19 ਵੈਕਸੀਨ ਵੰਡ ਦੀ ਅਗਵਾਈ ਕਰ ਰਹੇ ਸਨ ਜਦੋਂ ਜਾਂਚ ਪੈਂਡਿੰਗ ਹੋਣ ਦੇ ਚੱਲਦਿਆਂ ਉਨ੍ਹਾਂ ਨੂੰ ਇਸ ਕੰਮ ਤੋਂ ਪਾਸੇ ਕਰ ਦਿੱਤਾ ਗਿਆ। ਫਿਰ ਕਿਊਬਿਕ ਦੇ ਸਿਵਲੀਅਨ ਜੱਜ ਨੇ ਇਹ ਆਖਦਿਆਂ ਹੋਇਆਂ ਫੋਰਟਿਨ ਨੂੰ ਇਸ ਮਾਮਲੇ ਤੋਂ ਬਰੀ ਕਰ ਦਿੱਤਾ ਕਿ ਹੋ ਸਕਦਾ ਹੈ ਸ਼ਿਕਾਇਤਕਰਤਾ ਉੱਤੇ ਜਿਨਸੀ ਹਮਲਾ ਹੋਇਆ ਹੋਵੇ ਪਰ ਕ੍ਰਾਊਨ ਇਹ ਸਿੱਧ ਨਹੀਂ ਕਰ ਸਕਿਆ ਕਿ ਹਮਲਾਵਰ ਫੋਰਟਿਨ ਹੀ ਸੀ। ਇਸ ਫੈਸਲੇ ਮਗਰੋਂ ਕੈਨੇਡੀਅਨ ਹਥਿਆਰਬੰਦ ਸੈਨਾਵਾਂ ਨੇ ਕਿਸੇ ਵੀ ਤਰ੍ਹਾਂ ਦੇ ਦੁਰਾਚਾਰ ਤੋਂ ਫੋਰਟਿਨ ਦਾ ਨਾਂ ਹਟਾ ਦਿੱਤਾ।

## ਡੁੱਬਣ ਕਾਰਨ 3 ਸਾਲਾ ਬੱਚੇ ਦੀ ਹੋਈ ਮੌਤ



ਦਰਹਾਮ, 23 ਮਈ (ਪੋਸਟ ਬਿਊਰੋ) : ਮੰਗਲਵਾਰ ਨੂੰ ਐਜੈਕਸ ਵਿੱਚ ਡੁੱਬ ਜਾਣ ਕਾਰਨ ਇੱਕ ਤਿੰਨ ਸਾਲਾ ਬੱਚੇ ਦੀ ਮੌਤ ਹੋ ਗਈ। ਇਸ ਦੀ ਪੁਸ਼ਟੀ ਪੁਲਿਸ ਵੱਲੋਂ ਕੀਤੀ ਗਈ।

ਰੌਸਲੈਂਡ ਰੋਡ ਵੈਸਟ ਤੇ ਹਾਰਵੁੱਡ ਐਵਨਿਊ ਏਰੀਏ ਦੇ ਰਿਹਾਇਸ਼ੀ ਇਲਾਕੇ ਵਿੱਚ ਸ਼ਾਮੀਂ 5:15 ਦੇ ਨੇੜੇ ਤੇੜੇ ਕਿਸੇ ਦੇ ਡੁੱਬਣ ਦੀ ਖਬਰ ਮਿਲਣ ਤੋਂ ਬਾਅਦ ਦਰਹਾਮ ਰੀਜਨਲ ਪੁਲਿਸ ਮੌਕੇ ਉੱਤੇ ਪਹੁੰਚੀ। ਇੱਕ 3 ਸਾਲਾ ਬੱਚੇ, ਜਿਸ ਦੇ ਲਿੰਗ ਦਾ ਖੁਲਾਸਾ ਨਹੀਂ ਕੀਤਾ ਗਿਆ, ਨੂੰ ਹਸਪਤਾਲ ਪਹੁੰਚਣ ਉੱਤੇ ਮ੍ਰਿਤਕ ਐਲਾਨ ਦਿੱਤਾ ਗਿਆ।

ਪੁਲਿਸ ਨੇ ਆਖਿਆ ਕਿ ਇਸ ਸਮੇਂ ਅਸੀਂ ਪਰਿਵਾਰ ਲਈ ਪ੍ਰਾਈਵੇਸੀ ਦੀ ਅਪੀਲ ਕਰ ਰਹੇ ਹਾਂ। ਇਸ ਦੁੱਖ ਦੀ ਘੜੀ ਵਿੱਚ ਅਸੀਂ ਪਰਿਵਾਰ ਨਾਲ ਹਾਂ। ਇਸ ਸਮੇਂ ਘਟਨਾ ਦੇ ਸਬੰਧ ਵਿੱਚ ਹੋਰ ਵੇਰਵੇ ਹਾਸਲ ਨਹੀਂ ਹੋ ਸਕੇ।

## ਹਥਿਆਰ ਦੀ ਵਰਤੋਂ ਨਾਲ ਕਾਰਜੈਕਿੰਗ ਨੂੰ ਦਿੱਤਾ ਗਿਆ ਅੰਜ਼ਾਮ

ਓਨਟਾਰੀਓ, 23 ਮਈ (ਪੋਸਟ ਬਿਊਰੋ) : ਸੋਮਵਾਰ ਰਾਤ ਨੂੰ ਜੇਨ ਸਟਰੀਟ ਤੇ ਟ੍ਰੈਥਵੇਅ ਡਰਾਈਵ ਏਰੀਆ ਵਿੱਚ ਕਥਿਤ ਤੌਰ ਉੱਤੇ ਹਥਿਆਰ ਦੀ ਵਰਤੋਂ ਨਾਲ ਕਾਰਜੈਕਿੰਗ ਨੂੰ ਅੰਜਾਮ ਦਿੱਤਾ ਗਿਆ ਤੇ ਗੱਡੀ ਚੋਰੀ ਕਰ ਲਈ ਗਈ।

ਕਾਰਜੈਕਿੰਗ ਤੇ ਗੱਡੀ ਚੋਰੀ ਹੋਣ ਦੀਆਂ ਖਬਰਾਂ ਮਿਲਣ ਤੋਂ ਬਾਅਦ ਪੁਲਿਸ ਮੌਕੇ ਉੱਤੇ ਪਹੁੰਚੀ। ਇਸ ਸਾਰੇ ਘਟਨਾਕ੍ਰਮ ਵਿੱਚ ਕਈ ਮਸ਼ਕੂਕਾਂ ਦੇ ਸ਼ਾਮਲ ਹੋਣ ਦਾ ਖਦਸ਼ਾ ਹੈ ਤੇ ਜਿਸ ਸਮੇਂ ਕਾਰਜੈਕਿੰਗ ਕੀਤੀ ਜਾ ਰਹੀ ਸੀ ਉਸ ਸਮੇਂ ਚਸ਼ਮਦੀਦਾਂ ਨੂੰ ਹਥਿਆਰ ਵੀ ਨਜ਼ਰ ਆਇਆ। ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਇਸ ਸਬੰਧ ਵਿੱਚ ਜਾਣਕਾਰੀ ਰੱਖਣ ਵਾਲਿਆਂ ਨੂੰ ਪੁਲਿਸ ਨਾਲ ਸੰਪਰਕ ਕਰਨ ਦੀ ਅਪੀਲ ਕੀਤੀ ਗਈ ਹੈ।

## ਮਿਸੀਸਾਗਾ ਵਿੱਚ ਚੱਲੀ ਗੋਲੀ, 2 ਜ਼ਖ਼ਮੀ

ਮਿਸੀਸਾਗਾ, 23 ਮਈ (ਪੋਸਟ ਬਿਊਰੋ) : ਪੀਲ ਰੀਜਨਲ ਪੁਲਿਸ ਅਨੁਸਾਰ ਮਿਸੀਸਾਗਾ ਵਿੱਚ ਇੱਕ ਪੁਰਸ਼ ਤੇ ਮਹਿਲਾ ਨੂੰ ਗੋਲੀ ਮਾਰ ਕੇ ਜ਼ਖ਼ਮੀ ਕਰ ਦਿੱਤਾ ਗਿਆ। ਪੁਲਿਸ ਨੇ ਦੱਸਿਆ ਕਿ ਸੋਮਵਾਰ ਦੇਰ ਰਾਤ ਨੂੰ ਬ੍ਰਿਸਟਲ ਰੋਡ ਵੈਸਟ ਤੇ ਵ੍ਹਾਈਟਹੌਰਨ ਐਵਨਿਊ ਇਲਾਕੇ ਵਿੱਚ ਇਹ ਘਟਨਾ ਵਾਪਰੀ। ਗੋਲੀਆਂ ਚਲਾਉਣ ਵਾਲੇ ਮਸ਼ਕੂਕ ਅਜੇ ਵੀ ਫਰਾਰ ਹਨ ਤੇ ਕਿਸੇ ਵੀ ਮਸ਼ਕੂਕ ਦੇ ਸਬੰਧ ਵਿੱਚ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ।

ਇਲਾਕੇ ਵਿੱਚ ਭਾਰੀ ਮਾਤਰਾ ਵਿੱਚ ਪੁਲਿਸ ਮੌਜੂਦ ਹੈ ਤੇ ਲੋਕਾਂ ਨੂੰ ਇਸ ਇਲਾਕੇ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਜਾ ਰਹੀ ਹੈ।

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

NOW HIRING !!! ALLKIND INSURANCE
Life Insurance, Critical illness Ins, Travel & Visitor Ins, RESP & TFSA & RRSP, Super Visa Insurance, Mortgage Insurance, Disability Insurance, Funeral Insurance
SIMRAN SAINI 416.994.7272
www.allkindinsurance.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance, Mortgage Insurance, Life Insurance, Visitor & Travel Insurance, RESP(Education Plan), Critical Illness Insurance
RANJIT GILL Insurance Advisor 416-724-5000

GURBIR CHAHAL Sales Representative
416.566.7605
gurbir.chahal@yahoo.com
ROYAL LEPAGE Flower City Realty Off: 905.230.3100

PEST PROBLEM ? Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE 647.990.3205
KSG Pest Control Inc. Residential, Commercial www.ksgpestcontrol.ca ksgpestcontrol@gmail.com
Amarjeet Singh Gill

Law Office of Aman Sharma
Real Estate, Commercial Lease, Business Purchase & Sale, Notarizations & Affidavits, Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

KELLEY LAW OFFICE
Immigration, Family Law, Corporate, Real Estate, Business Closing, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public 905-362-0755

Royal Pest Control
Residential Commercial Industrial
Specialist in Bedbugs Service
All Pest Control : Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL (Government Approved Licensed Technician)
416 938 4598

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ | Best Rates For Lessons
ਮੁਫਤ ਪਿਕਅਪ ਅਤੇ ਡਰਾਪ ਆਫ਼
ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

OURR HOME & APPLIANCES
HOT SUMMER Deal
$2,999* $4,299* $5,199*
SAMSUNG BUY MORE SAVE MORE
KitchenAid moffat MAYTAG LG SAMSUNG Electrolux JENNAIR BOSCH Whirlpool
5781 Highway 7 Unit 10 Vaughan, ON L4L 1T8 (416) 477-5556 | 44 Fasken Dr, #2-9 Etobicoke, ON M9W 5M8 (416) 792-0877 | Unit #1, 241 Clarence St Brampton, On L6W 3E7 (416) 551-3343 | 1050 Speers Road Oakville, On L6L 2X4 (416) 613-0555
416-551-5553 WWW.OURRHOMEAPPLIANCES.COM

AUTO & HOME INSURANCE
Super visa Insurance, Life & Disability, Critical illness, RESP, Visitor & Travel insurance
(416-845-1352) Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001 NC Dhawan Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law, Wills & Estates, Power of Attorney, Affidavits Notarization / Declaration, Business Law, Family Law, Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9 T: 905 799 9333 www.mannlawfirm.ca

# ਸ਼ੂਟਿੰਗ ਵਿੱਚ ਇੱਕ ਜ਼ਖ਼ਮੀ, ਹਾਲਤ ਨਾਜ਼ੁਕ



ਓਨਟਾਰੀਓ, 23 ਮਈ (ਪੋਸਟ ਬਿਊਰੋ) : ਐਗਲਿੰਟਨ ਵੈਸਟ ਇਲਾਕੇ ਵਿੱਚ ਸ਼ੂਟਿੰਗ ਦੀ ਵਾਪਰੀ ਘਟਨਾ ਤੋਂ ਬਾਅਦ ਇੱਕ ਵਿਅਕਤੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ ਤੇ ਇਸ ਸਮੇਂ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਿਹਾ ਹੈ।

ਸੋਮਵਾਰ ਨੂੰ ਦੁਪਹਿਰੇ 12:30 ਵਜੇ ਤੋਂ ਪਹਿਲਾਂ ਕੀਲ ਸਟਰੀਟ ਨੇੜੇ ਐਗਲਿੰਟਨ ਐਵਨਿਊ ਵੈਸਟ ਤੇ ਗਲੈਨਹੈਵਨ ਸਟਰੀਟ ਉੱਤੇ ਐਮਰਜੰਸੀ ਅਮਲੇ ਨੂੰ ਸੱਦਿਆ ਗਿਆ। ਮੁੱਢਲੀਆਂ ਰਿਪੋਰਟਾਂ ਵਿੱਚ ਪੈਰਾਮੈਡਿਕਸ ਨੇ ਆਖਿਆ ਕਿ ਇੱਕ ਵਿਅਕਤੀ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਪਰ ਉਸ ਦੀ ਹਾਲਤ ਖਤਰੇ ਤੋਂ ਬਾਹਰ ਸੀ। ਪਰ ਬਾਅਦ ਵਿੱਚ ਪੁਲਿਸ ਨੇ ਆਖਿਆ ਕਿ ਉਸ ਵਿਅਕਤੀ ਦੀ ਹਾਲਤ ਨਾਜ਼ੁਕ ਸੀ ਤੇ ਸੱਟਾਂ ਜਾਨਲੇਵਾ ਸਨ।

ਪੁਲਿਸ ਨੇ ਦੱਸਿਆ ਕਿ ਘਟਨਾ ਨੂੰ ਅੰਜਾਮ ਦੇਣ ਤੋਂ ਬਾਅਦ ਮਸ਼ਕੂਕ ਪੈਦਲ ਹੀ ਫਰਾਰ ਹੋ ਗਿਆ। ਪਰ ਅਜੇ ਤੱਕ ਕਿਸੇ ਮਸ਼ਕੂਕ ਦਾ ਵੇਰਵਾ ਜਾਰੀ ਨਹੀਂ ਕੀਤਾ ਗਿਆ ਹੈ।

# ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ: ਨੌਕਰੀ ਦੇ ਬਦਲੇ ਨਹੀਂ ਲਏ ਪੈਸੇ, ਭਗਵੰਤ ਵਲੋਂ ਲਾਏ ਦੋਸ਼ ਝੂਠ



ਚੰਡੀਗੜ੍ਹ, 23 ਮਈ (ਪੋਸਟ ਬਿਊਰੋ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ 'ਤੇ ਇੱਕ ਖਿਡਾਰੀ ਤੋਂ ਨੌਕਰੀ ਦੇ ਬਦਲੇ 2 ਕਰੋੜ ਰੁਪਏ ਮੰਗਣ ਦੇ ਦੋਸ਼ਾਂ ਤੋਂ ਬਾਅਦ ਸਿਆਸਤ ਭਖਦੀ ਜਾ ਰਹੀ ਹੈ। ਮੁੱਖ ਮੰਤਰੀ ਦੇ ਇਲਜ਼ਾਮ ਤੋਂ ਬਾਅਦ ਸਾਬਕਾ ਮੁੱਖ ਮੰਤਰੀ ਚੰਨੀ ਇਤਿਹਾਸਕ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਵਿਖੇ ਮੱਥਾ ਟੇਕਣ ਪਹੁੰਚੇ।ਇਸ ਦੌਰਾਨ ਉਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਅਰਦਾਸ ਕੀਤੀ ਅਤੇ ਆਪਣਾ ਸਪਸ਼ਟੀਕਰਨ ਦਿੱਤਾ।

ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਉਸ ਨੇ ਕਿਸੇ ਤੋਂ ਸਿੱਧੇ ਜਾਂ ਆਪਣੇ ਰਿਸ਼ਤੇਦਾਰਾਂ ਰਾਹੀਂ ਨੌਕਰੀ ਜਾਂ ਤਬਾਦਲੇ ਲਈ ਪੈਸੇ ਨਹੀਂ ਲਏ। ਭਗਵੰਤ ਮਾਨ ਦੀਆਂ ਸਾਰੀਆਂ ਗੱਲਾਂ ਝੂਠ ਦੀ ਨੀਂਹ 'ਤੇ ਟਿਕੇ ਹਨ। ਇਸ 'ਤੇ ਭਗਵੰਤ ਮਾਨ ਨੇ ਚੰਨੀ ਨੂੰ ਕਿਹਾ ਕਿ ਮੇਰਾ ਮੂੰਹ ਨਾ ਖੁਲ੍ਹਵਾਉਣ । ਸਾਰੀਆਂ ਗੱਲਾਂ ਨੂੰ ਢਕਾ ਰਹਿਣ ਦਿਓ। ਉਨ੍ਹਾਂ ਨੇ ਕਿਹਾ ਸੀ ਕਿ ਧਰਮਸ਼ਾਲਾ ਵਿੱਚ ਮੈਚ ਦੌਰਾਨ ਇਕ ਖਿਡਾਰੀ, ਜਿਸ ਦਾ ਉਹ ਨਾਂ ਨਹੀਂ ਦੱਸੇਗਾ, ਉਸਨੇ ਕਿਹਾ ਕਿ ਚੰਨੀ ਨੇ ਉਸ ਨੂੰ ਆਪਣੇ ਭਤੀਜੇ ਹਨੀ ਕੋਲ ਨੌਕਰੀ ਲਈ ਭੇਜਿਆ ਸੀ। ਹਨੀ ਨੇ ਨੌਕਰੀ ਲਈ 2 ਕਰੋੜ ਰੁਪਏ ਮੰਗੇ ਸਨ।

ਭਗਵੰਤ ਮਾਨ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਪਹਿਲਾਂ ਜਾ ਕੇ ਆਪਣੇ ਭਤੀਜੇ-ਭਤੀਜੇ ਨਾਲ ਗੱਲ ਕਰਨ। ਉਨ੍ਹਾਂ ਨੂੰ ਪੁੱਛੋ ਕਿ ਕਿਸ ਨੇ ਪੈਸੇ ਮੰਗੇ, ਫਿਰ ਜਵਾਬ ਦਿਓ। ਉਨ੍ਹਾਂ ਨੇ ਕਿਹਾ ਕਿ ਮਾਮਲੇ ਵਿੱਚ 3-4 ਦਿਨਾਂ ਵਿਚ ਖਿਡਾਰੀ ਨੂੰ ਵੀ ਪੇਸ਼ ਕੀਤਾ ਜਾਵੇਗਾ। ਇਸਦੇ ਨਾਲ ਹੀ ਮਾਮਲੇ ਦੀ ਜਾਂਚ ਕਰਵਾਈ ਜਾਵੇਗੀ।

# ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਪੁਲਿਸ ਨੂੰ ਮਿਲੇ 98 ਐਮਰਜੈਂਸੀ ਰਿਸਪਾਂਸ ਵਾਹਨਾਂ ਨੂੰ ਦਿੱਤੀ ਹਰੀ ਝੰਡੀ







ਚੰਡੀਗੜ੍ਹ, 23 ਮਈ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਪੁਲਿਸ ਦਿੱਤਾ ਵੱਡਾ ਤੋਹਫਾ ਦਿੱਤਾ ਹੈ । ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਨੂੰ ਸਮੇਂ ਦੇ ਮੁਤਾਬਕ ਢਾਲਣਾ ਪਵੇਗਾ ਕਿਉਂਕਿ ਅੱਜ ਕੱਲ੍ਹ ਤਕਨੀਕ ਦਾ ਯੁੱਗ ਹੈ। ਪੁਰਾਣੇ ਯੰਤਰ ਇੰਨੇ ਕਾਰਗਰ ਸਾਬਤ ਨਹੀਂ ਹੁੰਦੇ। ਇਸ ਲੋ ਫੋਰਸ ਲਈ ਬਜਟ ਵੀ ਜਾਰੀ ਕੀਤਾ ਹੈ । ਪੰਜਾਬ ਪੁਲਿਸ ਨੂੰ 98 ਐਮਰਜੈਂਸੀ ਰਿਸਪਾਂਸ ਵਾਹਨ ਦਿੱਤੇ ਗਏ ਹਨ ਜੋ ਕਿ ਜੀ.ਪੀ.ਐਸ. ਸਹੂਲਤਾਂ ਨਾਲ ਲੈਸ ਹੈ। ਇਸ ਵਿੱਚ 86 ਮਹਿੰਦਰਾ ਬਲੇਰੋ ਅਤੇ 12 ਮਾਰੂਤੀ ਅਰਟਿਗਾ ਸ਼ਾਮਲ ਹਨ।

ਇਨ੍ਹਾਂ ਵਾਹਨਾਂ ਵਿੱਚ ਮੋਬਾਈਲ ਡਾਟਾ ਟਰਮੀਨਲ, ਜੀਪੀਐੱਸ ਨਾਲ ਲੱਗੇ ਹੋਏ ਹਨ ਤਾਂ ਜੋ ਲੋਕਾਂ ਦੀ ਸਹੂਲਤ ਲਈ ਜਲਦੀ ਮਦਦ ਮੁਹੱਈਆ ਕਰਵਾਈ ਜਾ ਸਕੇ। ਜਦੋਂ ਕੋਈ 112 ਡਾਇਲ ਕਰਦਾ ਹੈ, ਤਾਂ ਉੱਥੇ ਪਹੁੰਚਣ ਦਾ ਸਮਾਂ ਘਟਾਇਆ ਜਾ ਸਕਦਾ ਹੈ। ਪੰਜਾਬ ਪੁਲਿਸ ਨੂੰ 98 ਨਵੀਆਂ ਐਮਰਜੈਂਸੀ ਰਿਸਪਾਂਸ ਗੱਡੀਆਂ ਪ੍ਰਾਪਤ ਹੋਈਆਂ ਹਨ ਜੋ ਕਿ ਮੁੱਖ ਮੰਤਰੀ ਮਾਨ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਹ ਗੱਡੀਆਂ ਐਮ.ਡੀ.ਟੀ.ਐਸ. ਅਤੇ ਜੀ.ਪੀ.ਸੀ. ਸਹੂਲਤਾਂ ਨਾਲ ਲੈਸ ਹੈ।

ਆਉਣ ਵਾਲੇ ਸਮੇਂ ਵਿੱਚ ਬਹੁਤ ਸਾਰਾ ਕੰਮ ਪੰਜਾਬ ਪੁਲਿਸ ਨਾਲ ਸਬੰਧਤ ਹੋਵੇਗਾ। ਸੰਚਾਰ ਪ੍ਰਣਾਲੀ ਲਈ 41 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਸਾਈਬਰ ਮਾਮਲੇ 'ਚ ਅਪਡੇਟ ਹੋਣਗੇ ਜਿਸ ਕਾਰਨ 30 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਸੀ.ਐਮ ਮਾਨ ਨੇ ਕਿਹਾ ਕਿ ਪੰਜਾਬ ਪੁਲਿਸ ਉਨ੍ਹਾਂ ਦਾ ਪਰਿਵਾਰ ਹੈ। ਉਨ੍ਹਾਂ ਕਿਹਾ ਕਿ ਲੋਕਤੰਤਰ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਪੰਜਾਬ ਵਿੱਚ ਕਾਨੂੰਨ ਵਿਵਸਥਾ ਨੂੰ ਬਿਹਤਰ ਢੰਗ ਨਾਲ ਚਲਾਉਣਾ ਹੋਵੇਗਾ। ਪੰਜਾਬ ਪੁਲਿਸ ਨੂੰ ਬਜਟ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਜਿਵੇਂ ਕਿ ਉਹ ਸਮੇਂ-ਸਮੇਂ 'ਤੇ ਕਹਿੰਦੇ ਰਹੇ ਹਨ ਕਿ ਸਰਹੱਦੀ ਸੂਬਾ ਹੋਣ ਕਾਰਨ ਕਈ ਸਮਾਜ ਵਿਰੋਧੀ ਅਨਸਰ ਪੰਜਾਬ 'ਤੇ ਮਾੜੀ ਨਜ਼ਰ ਰੱਖਦੇ ਹਨ। ਪੰਜਾਬ ਦੀ ਅਮਨ-ਸ਼ਾਂਤੀ ਨੂੰ ਭੰਗ ਕਰਨ ਲਈ ਇੱਕ ਜਾਂ ਦੂਜੇ ਚਾਲ ਚੱਲਦੇ ਰਹਿੰਦੇ ਹਨ, ਜਿਸ ਨੂੰ ਪੰਜਾਬ ਪੁਲਿਸ ਬੜੀ ਬਹਾਦਰੀ ਨਾਲ ਨਾਕਾਮ ਕਰਦੀ ਹੈ। ਪਾਕਿਸਤਾਨ ਦੀ ਸਰਹੱਦ ਹੈ, ਜਿਸ ਕਾਰਨ ਕਈ ਡਰੋਨਾਂ ਦੀ ਆਵਾਜਾਈ ਦੇਖਣ ਨੂੰ ਮਿਲੀ ਹੋਵੇਗੀ। ਬੀ ਐੱਸ ਐੱਫ. ਨੇ ਕਈ ਡਰੋਨਾਂ ਨੂੰ ਵੀ ਡੇਗਿਆ ਅਤੇ ਕਬਜ਼ੇ 'ਚ ਲਿਆ ਹੈ।

## ਅੱਜ ਨਾਮਾ >>

ਵਿਦੇਸ਼ਾਂ ਵਿੱਚ ਹੈ ਮੋਦੀ ਲਈ ਭੀੜ ਜੁੜਦੀ,
ਸਮੱਰਥਕ ਪੂਰਾ ਵਿਖਾਉਂਦੇ ਨੇ ਜੋਸ਼ ਬੇਲੀ।
ਕੁਝ ਤਾਂ ਇਸ ਤਰ੍ਹਾਂ ਨੱਚਦੇ ਨਜ਼ਰ ਆਉਂਦੇ,
ਭੁੱਲ ਗਿਆ ਮੂਲੋਂ ਹੀ ਜਿੱਦਾਂ ਦਾ ਹੋਸ਼ ਬੇਲੀ।
ਏਧਰ ਦੇਸ਼ ਦੇ ਅੰਦਰ ਹਾਲਾਤ ਉਹ ਨਹੀਂ,
ਲੀਡਰਾਂ ਰਹਿਣਾ ਨਹੀਂ ਕਦੇ ਖਾਮੋਸ਼ ਬੇਲੀ।
ਕਰ ਗਿਆ ਮੋਦੀ ਜੋ ਚੋਣ ਵਿੱਚ ਚਾਂਦਮਾਰੀ,
ਪਿੱਛੋਂ ਆਗੂ ਕਈ ਲਾਉਂਦੇ ਆ ਦੋਸ਼ ਬੇਲੀ।
ਸਤਪਾਲ ਮਲਿਕ ਨੇ ਕੀਤੜਾ ਤੇਜ਼ ਹਮਲਾ,
ਗੱਲ ਤਾਂ ਮੀਡੀਏ ਅੰਦਰ ਆ ਛਾਈ ਬੇਲੀ।
ਗਿਣ-ਗਿਣ ਲਾਏ ਗੰਭੀਰ ਨੇ ਦੋਸ਼ ਉਹਨੇ,
ਢੁਕਵੀਂ ਕਦੇ ਤਰਦੀਦ ਨਹੀਂ ਆਈ ਬੇਲੀ।

**ਤੀਸ ਮਾਰ ਖਾਂ**






















# ਗਲੋਬਲ ਪੋਜੀਸ਼ਨਿੰਗ ਸਿਸਟਮ : ਫਾਇਦੇ ਅਤੇ ਨੁਕਸਾਨ



-ਵਿਜੈ ਗਰਗ-

ਗਲੋਬਲ ਪੋਜੀਸ਼ਨਿੰਗ ਸਿਸਟਮ () ਇੱਕ ਸਪੇਸ-ਅਧਾਰਿਤ ਸੈਟੇਲਾਈਟ ਨੈਵੀਗੇਸ਼ਨ ਸਿਸਟਮ ਹੈ ਜੋ ਕਿ ਧਰਤੀ ਉੱਤੇ ਜਾਂ ਇਸ ਦੇ ਨੇੜੇ ਕਿਤੇ ਵੀ, ਜਿੱਥੇ ਚਾਰ ਜਾਂ ਵੱਧ ਸੈਟੇਲਾਈਟਾਂ ਨੂੰ ਨਜ਼ਰ ਦੀ ਇੱਕ ਰੁਕਾਵਟ ਰਹਿਤ ਲਾਈਨ ਹੈ, ਹਰ ਮੌਸਮ ਵਿੱਚ ਸਥਿਤੀ ਅਤੇ ਸਮੇਂ ਦੀ ਜਾਣਕਾਰੀ ਪ੍ਰਦਾਨ ਕਰਦੀ ਹੈ। ਗਲੋਬਲ ਪੋਜੀਸ਼ਨਿੰਗ ਸਿਸਟਮ ਲਗਭਗ 10 ਮੀਟਰ ਦੇ ਅੰਦਰ ਪਰ ਜ਼ਿਆਦਾਤਰ ਸਮੇਂ ਲਈ 2 ਮੀਟਰ ਦੇ ਅੰਦਰ ਸ਼ੁੱਧਤਾ ਦੇ ਨਾਲ ਧਰਤੀ ਦੀ ਸਤ੍ਹਾ 'ਤੇ ਅਤੇ ਉੱਪਰ ਸਥਿਤੀ ਪ੍ਰਦਾਨ ਕਰਦਾ ਹੈ। ਸਿਸਟਮ ਬਹੁਤ ਤੇਜ਼ ਅਤੇ ਜਵਾਬ-ਦੇਹ ਹੈ; ਸਧਾਰਣ ਘੱਟ ਲਾਗਤ ਵਾਲੀਆਂ ਯੂਨਿਟਾਂ ਵਿੱਚ ਸਥਿਤੀ ਨੂੰ ਹਰ ਸਕਿੰਟ ਵਿੱਚ ਅਪਡੇਟ ਕੀਤਾ ਜਾਂਦਾ ਹੈ। ਇਕ ਹੋਰ ਵਿਸ਼ੇਸ਼ਤਾ ਸ਼ੁੱਧਤਾ ਸਮਾਂ ਹੈ, ਅਤੇ ਪ੍ਰਾਪਤ ਵਿਸ਼ੇਸ਼ਤਾਵਾਂ ਗਤੀ ਅਤੇ ਦਿਸ਼ਾ ਅਤੇ ਟਰੈਕ ਹਨ। ਸਿਸਟਮ ਦੁਨੀਆ ਭਰ ਦੇ ਫੌਜੀ, ਸਿਵਲ ਅਤੇ ਵਪਾਰਕ ਉਪਭੋਗਤਾਵਾਂ ਨੂੰ ਮਹੱਤਵਪੂਰਣ ਸਮਰੱਥਾਵਾਂ ਪ੍ਰਦਾਨ ਕਰਦਾ ਹੈ। ਇਹ ਸੰਯੁਕਤ ਰਾਜ ਸਰਕਾਰ ਦੁਆਰਾ ਸੰਭਾਲਿਆ ਜਾਂਦਾ ਹੈ ਅਤੇ ਸਭ ਤੋਂ ਵੱਡਾ ਫਾਇਦਾ ਇਹ ਹੈ ਕਿ ਇਹ ਰਿਸੀਵਰ ਵਾਲੇ ਕਿਸੇ ਵੀ ਵਿਅਕਤੀ ਲਈ ਮੁਫਤ ਪਹੁੰਚਯੋਗ ਹੈ। ਸਥਾਨ ਪ੍ਰਣਾਲੀ ਕੋਈ ਨਵੀਂ ਚੀਜ਼ ਨਹੀਂ ਹੈ. ਭੂਮੀ ਸਰਵੇਖਣ ਇੱਕ ਬਹੁਤ ਪੁਰਾਣੀ ਗਤੀਵਿਧੀ ਹੈ ਅਤੇ ਨਾਲ ਹੀ ਇੱਕ ਮਹੱਤਵਪੂਰਨ ਹੈ ਜਦੋਂ ਇਹ ਜ਼ਮੀਨ ਦੇ ਕਿਸੇ ਖਾਸ ਹਿੱਸੇ ਦੀਆਂ ਸੀਮਾਵਾਂ ਨੂੰ ਪਰਿਭਾਸ਼ਿਤ ਕਰਨ ਦੀ ਗੱਲ ਆਉਂਦੀ ਹੈ। ਇਸ ਗਤੀਵਿਧੀ ਦਾ ਮਹੱਤਵ ਇਸ ਤਰ੍ਹਾਂ ਹੈ ਕਿ ਗਣਨਾ ਅਤੇ ਮਾਪ ਵਿੱਚ ਗਲਤੀਆਂ ਲਈ ਕੋਈ ਥਾਂ ਨਹੀਂ ਹੈ। ਪਹਿਲੇ ਦਿਨਾਂ ਵਿੱਚ ਜ਼ਮੀਨ ਦਾ ਸਰਵੇਖਣ ਹੱਥੀਂ ਕੀਤਾ ਜਾਂਦਾ ਸੀ ਅਤੇ ਇਸ ਲਈ ਗਲਤੀਆਂ ਦੀ ਗੁੰਜਾਇਸ਼ ਜ਼ਿਆਦਾ ਸੀ। ਹਾਲਾਂਕਿ, ਤਕਨੀਕੀ ਤਰੱਕੀ ਦੇ ਨਾਲ, ਜੀਪੀਐਸ ਤਸਵੀਰ ਵਿੱਚ ਆਇਆ ਅਤੇ ਹੁਣ ਇਸਦੀ ਵਰਤੋਂ ਭੂਮੀ ਸਰਵੇਖਣ ਦੇ ਖੇਤਰ ਵਿੱਚ ਬਹੁਤ ਸਫਲਤਾ ਨਾਲ ਕੀਤੀ ਜਾ ਰਹੀ ਹੈ ਜੋ ਸ਼ੁੱਧਤਾ ਅਤੇ ਨਿਗਰਾਨੀ ਦੀ ਘੱਟ ਲਾਗਤ ਦੇ ਫਾਇਦੇ ਨਾਲ ਆਉਂਦੀ ਹੈ। ਸੈਟੇਲਾਈਟ ਜੋ ਸਿਗਨਲ ਭੇਜਦਾ ਅਤੇ ਪ੍ਰਾਪਤ ਕਰਦਾ ਹੈ, ਪੂਰੀ ਤਰ੍ਹਾਂ ਸਾਫਟਵੇਅਰ ਸੁਰੱਖਿਆ ਨਾਲ ਲੈਸ ਹੈ ਜੋ ਗਲਤੀਆਂ ਨੂੰ ਘਟਾਉਂਦਾ ਹੈ। ਡੇਟਾ ਸਿੱਧੇ ਸੈਟੇਲਾਈਟਾਂ ਤੋਂ ਪ੍ਰਾਪਤ ਕੀਤਾ ਜਾਂਦਾ ਹੈ ਅਤੇ ਸਰਵੇਖਣ ਉਪਕਰਣ ਲੋੜੀਂਦੀ ਗਣਨਾ ਕਰਦੇ ਹਨ। ਸਾਇਨ ਸਾਰਾ ਗਣਨਾ ਦਾ ਕੰਮ ਸਾਜ਼ੋ-ਸਾਮਾਨ ਦੁਆਰਾ ਕੀਤਾ ਜਾ ਰਿਹਾ ਹੈ; ਇਸ ਲਈ ਗਲਤੀ ਦੀ ਕੋਈ ਸੰਭਾਵਨਾ ਨਹੀਂ ਹੈ। ਗਲੋਬਲ ਪੋਜੀਸ਼ਨਿੰਗ ਸੈਟੇਲਾਈਟ () ਟ੍ਰੈਕਿੰਗ ਸਿਸਟਮ ਇੱਕ ਬਹੁਤ ਹੀ ਸ਼ਕਤੀਸ਼ਾਲੀ ਟੂਲ ਹੈ ਅਤੇ ਮੂਲ ਰੂਪ ਵਿੱਚ ਕਈ ਉਦੇਸ਼ਾਂ ਲਈ ਫੌਜ ਦੁਆਰਾ ਡਿਜ਼ਾਇਨ ਕੀਤਾ ਅਤੇ ਵਰਤਿਆ ਗਿਆ ਸੀ। ਮਿਲਟਰੀ ਕਰਮਚਾਰੀ ਆਮ ਤੌਰ 'ਤੇ ਇਸ ਪ੍ਰਣਾਲੀ ਦੀ ਵਰਤੋਂ ਦੁਨੀਆ ਭਰ ਦੀਆਂ ਵਸਤੂਆਂ ਜਾਂ ਵਿਅਕਤੀਆਂ ਦੀ ਸਥਿਤੀ ਅਤੇ ਜਾਣਕਾਰੀ ਪ੍ਰਦਾਨ ਕਰਨ ਲਈ ਕਰਦੇ ਹਨ, ਜੰਗਲਾਂ ਦੇ ਮੱਧ ਵਿਚ ਨੈਵੀਗੇਸ਼ਨ ਦੌਰਾਨ, ਜੰਗਲ ਵਿਚ ਗੁਆਚੇ ਸਿਪਾਹੀਆਂ ਦਾ ਪਤਾ ਲਗਾਉਣ ਲਈ, ਮਿਜ਼ਾਈਲਾਂ ਅਤੇ ਹੋਰ ਹਵਾਈ ਹਥਿਆਰਾਂ ਨੂੰ ਲਾਂਚ ਕਰਨ ਲਈ। ਦੀ ਵਰਤੋਂ ਨਾਗਰਿਕਾਂ ਦੁਆਰਾ ਪਿਛਲੇ ਦਹਾਕੇ ਵਿੱਚ ਅਤੇ ਨਾਲ ਹੀ ਵਾਹਨਾਂ ਅਤੇ ਸਥਾਨਾਂ, ਵਸਤੂ ਸੂਚੀ, ਅਲਜ਼ਾਈਮਰ ਦੇ ਮਰੀਜ਼ਾਂ, ਪਰਵਾਸ ਕਰਨ ਵਾਲੇ ਜਾਨਵਰਾਂ ਅਤੇ ਇੱਥੋਂ ਤੱਕ ਕਿ ਪਾਲਤੂ ਜਾਨਵਰਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਟਰੈਕ ਕਰਨ ਲਈ ਕੀਤੀ ਗਈ ਹੈ। ਇਸਦੀ ਸ਼ੁੱਧਤਾ ਦੀ ਉੱਚ ਦਰ ਦੇ ਬਾਵਜੂਦ, ਕੁਝ ਕਾਰਕ ਹਨ ਜੋ ਇੱਕ ਸਿਸਟਮ ਦੀ ਭਰੋਸੇਯੋਗਤਾ ਨੂੰ ਪ੍ਰਭਾਵਿਤ ਕਰਦੇ ਹਨ। ਜੇਕਰ ਸਿਸਟਮ ਘੱਟ ਕੁਆਲਿਟੀ ਦਾ ਹੈ, ਤਾਂ ਪੈਦਾ ਹੋਏ ਨਤੀਜੇ ਇੱਕ ਗਲਤੀ ਵਾਲੇ ਹੋਣਗੇ ਅਤੇ ਸਹੀ ਨਤੀਜੇ ਪ੍ਰਾਪਤ ਕਰਨ ਲਈ ਕਈ ਸਰਵੇਖਣਾਂ ਦੀ ਲੋੜ ਹੋਵੇਗੀ। ਗਲੋਬਲ ਪੋਜੀਸ਼ਨਿੰਗ ਸਿਸਟਮ ਦਾ ਇਤਿਹਾਸ ਗਲੋਬਲ ਪੋਜ਼ੀਸ਼ਨਿੰਗ ਸਿਸਟਮ ਪ੍ਰੋਜੈਕਟ ਨੂੰ 1973 ਵਿੱਚ ਅਮਰੀਕਾ ਦੁਆਰਾ ਪਿਛਲੀਆਂ ਨੇਵੀਗੇਸ਼ਨ ਪ੍ਰਣਾਲੀਆਂ ਦੀਆਂ ਸੀਮਾਵਾਂ ਨੂੰ ਦੂਰ ਕਰਨ ਲਈ ਵਿਕਸਤ ਕੀਤਾ ਗਿਆ ਸੀ। ਇਹ ਬਿਲਕੁਲ ਨਵੀਂ ਕਾਢ ਨਹੀਂ ਸੀ; ਸਗੋਂ ਇਹ ਕਈ ਪੂਰਵਜਾਂ ਦੇ ਵਿਚਾਰਾਂ ਦਾ ਏਕੀਕਰਣ ਸੀ, ਜਿਸ ਵਿੱਚ 1960 ਦੇ ਦਹਾਕੇ ਤੋਂ ਕਈ ਵਰਗੀਕ੍ਰਿਤ ਇੰਜੀਨੀਅਰਿੰਗ ਡਿਜ਼ਾਈਨ ਅਧਿਐਨ ਸ਼ਾਮਲ ਹਨ। ਨੂੰ ਯੂ.ਐੱਸ. ਡਿਫੈਂਸ ਡਿਪਾਰਟਮੈਂਟ ਆਫ ਡਿਫੈਂਸ (ਡੀਓਡੀ) ਦੁਆਰਾ ਬਣਾਇਆ ਅਤੇ ਅਨੁਭਵ ਕੀਤਾ ਗਿਆ ਸੀ ਅਤੇ ਅਸਲ ਵਿੱਚ 24 ਸੈਟੇਲਾਈਟਾਂ ਨਾਲ ਚਲਾਇਆ ਗਿਆ ਸੀ ਅਤੇ ਸਿਰਫ ਫੌਜੀ ਅਤੇ ਹਵਾਬਾਜ਼ੀ ਦੇ ਉਦੇਸ਼ ਲਈ ਵਰਤਿਆ ਗਿਆ ਸੀ। ਇਹ 1994 ਵਿੱਚ ਪੂਰੀ ਤਰ੍ਹਾਂ ਚਾਲੂ ਹੋ ਗਿਆ। ਬ੍ਰੈਡਫੋਰਡ ਪਾਰਕਿੰਸਨ, ਰੋਜਰ ਐਲ. ਈਸਟਨ, ਅਤੇ ਇਵਾਨ ਏ. ਗੇਟਿੰਗ ਨੂੰ ਇਸਦੀ ਕਾਢ ਕੱਢਣ ਦਾ ਸਿਹਰਾ ਦਿੱਤਾ ਜਾਂਦਾ ਹੈ। 1973 ਦੇ ਦੌਰਾਨ, ਪੈਂਟਾਗਨ ਵਿਖੇ ਲਗਭਗ 12 ਫੌਜੀ ਅਧਿਕਾਰੀਆਂ ਦੀ ਇੱਕ ਮੀਟਿੰਗ ਵਿੱਚ ਇੱਕ ਡਿਫੈਂਸ ਨੈਵੀਗੇਸ਼ਨ ਸੈਟੇਲਾਈਟ ਸਿਸਟਮ () ਬਣਾਉਣ ਬਾਰੇ ਚਰਚਾ ਕੀਤੀ ਗਈ। ਇਹ ਇਸ ਮੀਟਿੰਗ ਵਿਚ ਸੀ ਕਿ "ਅਸਲ ਸੰਸਲੇਸ਼ਣਜੋ ਕਿ ਬਣ ਗਿਆ ਸੀ।" ਉਸ ਸਾਲ ਬਾਅਦ ਵਿੱਚ, ਪ੍ਰੋਗਰਾਮ ਦਾ ਨਾਮ ਨਵਸਟਾਰ, ਜਾਂ ਟਾਈਮਿੰਗ ਅਤੇ ਰੇਂਜਿੰਗ ਦੀ ਵਰਤੋਂ ਕਰਦੇ ਹੋਏ ਨੇਵੀਗੇਸ਼ਨ ਸਿਸਟਮ ਰੱਖਿਆ ਗਿਆ। ਨਵਸਟਾਰ ਨਾਮ ਨਾਲ ਜੁੜੇ ਵਿਅਕਤੀਗਤ ਉਪਗ੍ਰਹਿ ਦੇ ਨਾਲ, ਨਵਸਟਾਰ ਦੇ ਤਾਰਾਮੰਡਲ ਦੀ ਪਛਾਣ ਕਰਨ ਲਈ ਇੱਕ ਹੋਰ ਪੂਰੀ ਤਰ੍ਹਾਂ ਨਾਲ ਸ਼ਾਮਲ ਕੀਤੇ ਗਏ ਨਾਮ ਦੀ ਵਰਤੋਂ ਕੀਤੀ ਗਈ। ਸੈਟੇਲਾਈਟ, ਨਵਸਟਾਰ-ਜੀਪੀਐਸ, ਜਿਸ ਨੂੰ ਬਾਅਦ ਵਿੱਚ ਸਿਰਫ਼ ਜੀਪੀਐਸ ਵਿੱਚ ਛੋਟਾ ਕਰ ਦਿੱਤਾ ਗਿਆ ਸੀ। ਇਹ 1983 ਵਿੱਚ ਕੋਰੀਅਨ ਏਅਰ ਲਾਈਨਜ਼ ਫਲਾਈਟ 007, ਇੱਕ ਬੋਇੰਗ 747, ਜਿਸ ਵਿੱਚ 269 ਲੋਕ ਸਨ, ਨੂੰ ਸਖਾਲਿਨ ਅਤੇ ਮੋਨੇਰੋਨ ਦੇ ਨੇੜੇ, ਯੂਐਸਐਸਆਰ ਦੇ ਮਨਾਹੀ ਵਾਲੇ ਹਵਾਈ ਖੇਤਰ ਵਿੱਚ ਭਟਕਣ ਤੋਂ ਬਾਅਦ ਗੋਲੀ ਮਾਰ ਦਿੱਤੀ ਗਈ ਸੀ। ਆਈਲੈਂਡਜ਼, ਇੱਕ ਨਿਰਦੇਸ਼ ਜਾਰੀ ਕੀਤਾ ਗਿਆ ਸੀ, ਇੱਕ ਵਾਰ ਇਸਨੂੰ ਨਾਗਰਿਕ ਵਰਤੋਂ ਲਈ ਮੁਫਤ ਵਿੱਚ ਉਪਲਬਧ ਕਰਾਇਆ ਗਿਆ ਸੀ, ਇੱਕ ਵਾਰ ਜਦੋਂ ਇਹ ਕਾਫ਼ੀ ਵਿਕਸਤ ਹੋ ਗਿਆ ਸੀ, ਇੱਕ ਆਮ ਲਾਭ ਵਜੋਂ। ਪਹਿਲਾ ਉਪਗ੍ਰਹਿ 1989 ਵਿੱਚ ਲਾਂਚ ਕੀਤਾ ਗਿਆ ਸੀ, ਅਤੇ 24ਵਾਂ ਸੈਟੇਲਾਈਟ 1994 ਵਿੱਚ ਲਾਂਚ ਕੀਤਾ ਗਿਆ ਸੀ। ਰੋਜਰ ਐਲ. ਈਸਟਨ ਨੂੰ ਵਿਆਪਕ ਤੌਰ 'ਤੇ ਸਿਹਰਾ ਦਿੱਤਾ ਜਾਂਦਾ ਹੈ। ਦੇ ਪ੍ਰਾਇਮਰੀ ਖੋਜੀ. ਪਿਛਲੇ ਦਹਾਕੇ ਦੌਰਾਨ, ਯੂ.ਐਸ. ਨੇ ਮੌਜੂਦਾ ਉਪਕਰਨਾਂ ਨਾਲ ਅਨੁਕੂਲਤਾ ਨੂੰ ਕਾਇਮ ਰੱਖਦੇ ਹੋਏ, ਸਿਵਲ ਵਰਤੋਂ ਲਈ ਨਵੇਂ ਸਿਗਨਲ ਅਤੇ ਸਾਰੇ ਉਪਭੋਗਤਾਵਾਂ ਲਈ ਵਧੀ ਹੋਈ ਸ਼ੁੱਧਤਾ ਅਤੇ ਅਖੰਡਤਾ ਸਮੇਤ, ਸੇਵਾ ਵਿੱਚ ਕਈ ਸੁਧਾਰ ਲਾਗੂ ਕੀਤੇ ਹਨ। ਆਧੁਨਿਕੀਕਰਨ ਹੁਣ ਵਧ ਰਹੀ ਫੌਜੀ, ਸਿਵਲ ਅਤੇ ਵਪਾਰਕ ਲੋੜਾਂ ਨੂੰ ਪੂਰਾ ਕਰਨ ਲਈ ਨਵੀਆਂ ਸਮਰੱਥਾਵਾਂ ਨਾਲ ਗਲੋਬਲ ਪੋਜ਼ੀਸ਼ਨਿੰਗ ਸਿਸਟਮ ਨੂੰ ਅਪਗ੍ਰੇਡ ਕਰਨ ਲਈ ਇੱਕ ਨਿਰੰਤਰ ਪਹਿਲਕਦਮੀ ਬਣ ਗਿਆ ਹੈ। ਪ੍ਰੋਗਰਾਮ ਨੂੰ ਬਲਾਕ ਅਤੇ ਨੈਕਸਟ ਜਨਰੇਸ਼ਨ ਆਪਰੇਸ਼ਨਲ ਕੰਟਰੋਲ ਸਿਸਟਮ () ਸਮੇਤ ਸੈਟੇਲਾਈਟ ਗ੍ਰਹਿਣ ਦੀ ਇੱਕ ਲੜੀ ਰਾਹੀਂ ਲਾਗੂ ਕੀਤਾ ਜਾ ਰਿਹਾ ਹੈ। ਅਮਰੀਕੀ ਸਰਕਾਰ ਪ੍ਰਦਰਸ਼ਨ ਅਤੇ ਸ਼ੁੱਧਤਾ ਨੂੰ ਵਧਾਉਣ ਲਈ ਸਪੇਸ ਅਤੇ ਜ਼ਮੀਨੀ ਹਿੱਸਿਆਂ ਵਿੱਚ ਸੁਧਾਰ ਕਰਨਾ ਜਾਰੀ ਰੱਖਦੀ ਹੈ। ਵਰਤੋਂ ਦੀਆਂ ਹਦਾਇਤਾਂ ਗਲੋਬਲ ਪੋਜੀਸ਼ਨਿੰਗ ਸਿਸਟਮ ਇੱਕ ਆਧੁਨਿਕ ਤਕਨਾਲੋਜੀ ਹੈ ਜੋ ਕਿ ਬਹੁਤ ਸਾਰੇ ਉਦੇਸ਼ਾਂ ਲਈ ਵਿਸ਼ਵ ਭਰ ਵਿੱਚ ਵਰਤੀ ਜਾਂਦੀ ਹੈ ਜਿਸ ਵਿੱਚ ਫੌਜੀ ਅਤੇ ਸਿਵਲ ਵਰਤੋਂ ਸ਼ਾਮਲ ਹਨ। ਦੀ ਸਫਲਤਾਪੂਰਵਕ ਨੇਵੀਗੇਸ਼ਨ, ਆਵਾਜਾਈ ਅਤੇ ਸ਼ਟਲ ਨਿਯੰਤਰਣ, ਸਥਾਨ, ਟ੍ਰੈਫਿਕ ਨਿਯੰਤਰਣ ਦੇ ਨਾਲ ਨਾਲ ਐਮਰਜੈਂਸੀ ਦੇ ਸਮੇਂ ਜਹਾਜ਼ਾਂ ਲਈ ਲੈਂਡਿੰਗ ਸਥਾਨਾਂ ਦਾ ਪਤਾ ਲਗਾਉਣ ਲਈ ਵਰਤਿਆ ਗਿਆ ਹੈ। ਯੂਐਸ ਸਰਕਾਰ ਕੁਝ ਨਾਗਰਿਕ ਰਿਸੀਵਰਾਂ ਦੇ ਨਿਰਯਾਤ ਨੂੰ ਨਿਯੰਤਰਿਤ ਕਰਦੀ ਹੈ। ਸਾਰੇ ਰਿਸੀਵਰ 18 ਕਿਲੋਮੀਟਰ (11 ਮੀਲ) ਦੀ ਉਚਾਈ ਅਤੇ 515 ਮੀਟਰ ਪ੍ਰਤੀ ਸਕਿੰਟ (1,001 ਕਿਲੋਮੀਟਰ) ਤੋਂ ਉੱਪਰ ਕੰਮ ਕਰਨ ਦੇ ਸਮਰੱਥ ਹਨ ਜਾਂ ਮਾਨਵ ਰਹਿਤ ਹਵਾਈ ਵਾਹਨਾਂ ਜਿਵੇਂ ਕਿ ਉਦਾਹਰਨ ਲਈ ਡਿਜ਼ਾਈਨ ਕੀਤੇ ਗਏ, ਸੋਧੇ ਗਏ ਹਨ। ਬੈਲਿਸਟਿਕ ਜਾਂ ਕਰੂਜ਼ ਮਿਜ਼ਾਈਲ ਪ੍ਰਣਾਲੀਆਂ ਨੂੰ ਹਥਿਆਰਾਂ (ਹਥਿਆਰਾਂ) ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ ਜਿਸ ਲਈ ਸਟੇਟ ਡਿਪਾਰਟਮੈਂਟ ਨੂੰ ਨਿਰਯਾਤ ਲਾਇਸੰਸ ਦੀ ਲੋੜ ਹੁੰਦੀ ਹੈ। ਮੂਲ ਧਾਰਨਾ ਅਤੇ ਦੀ ਵਰਤੋਂ ਦੀ ਕਾਰਜਕਾਰੀ ਧਾਰਨਾ ਗਲੋਬਲ ਪੋਜੀਸ਼ਨਿੰਗ ਸਿਸਟਮ ਇੱਕ ਬਹੁਤ ਹੀ ਆਧੁਨਿਕ ਯੰਤਰ ਹੈ ਜੋ ਸਮੇਂ ਦੀ ਸ਼ੁੱਧਤਾ ਦੇ ਨਾਲ ਸਹੀ ਸਥਾਨ ਨੂੰ ਵੀ ਟਰੈਕ ਕਰ ਸਕਦਾ ਹੈ। ਇੱਕ ਰਿਸੀਵਰ ਧਰਤੀ ਦੇ ਉੱਪਰ ਉੱਚੇ ਸੈਟੇਲਾਈਟਾਂ ਦੁਆਰਾ ਭੇਜੇ ਗਏ ਸਿਗਨਲਾਂ ਦਾ ਸਹੀ ਸਮਾਂ ਲਗਾ ਕੇ ਆਪਣੀ ਸਥਿਤੀ ਦੀ ਗਣਨਾ ਕਰਦਾ ਹੈ। ਇੱਥੇ ਇੱਕ 24 ਉਪਗ੍ਰਹਿ ਤਾਰਾਮੰ-ਡਲ ਹੈ ਜੋ ਧਰਤੀ ਦੇ ਰੋਟੇਸ਼ਨ ਦੀ ਗਤੀ ਵਿੱਚ ਹੈ। ਹਰੇਕ ਸੈਟੇਲਾਈਟ ਲਗਾਤਾਰ ਸੁਨੇਹਿਆਂ ਨੂੰ ਪ੍ਰਸਾਰਿਤ ਕਰਦਾ ਹੈ ਜਿਸ ਵਿੱਚ, ਸੁਨੇਹਾ ਪ੍ਰਸਾਰਿਤ ਕਰਨ ਦਾ ਸਮਾਂ ਅਤੇ ਸੰਦੇਸ਼ ਪ੍ਰਸਾਰਣ ਦੇ ਸਮੇਂ ਸੈਟੇਲਾਈਟ ਦੀ ਸਥਿਤੀ ਸ਼ਾਮਲ ਹੁੰਦੀ ਹੈ। ਇਹ ਦੋ ਸਿਗਨਲ ਹਨ ਜੋ ਸਿਸਟਮ ਦੇ ਕੰਮ ਕਰਨ ਦਾ ਆਧਾਰ ਹਨ। ਪ੍ਰਾਪਤਕਰਤਾ ਫਿਰ ਹਰੇਕ ਸੁਨੇਹੇ ਦੇ ਆਵਾਜਾਈ ਦੇ ਸਮੇਂ ਨੂੰ ਨਿਰਧਾਰਤ ਕਰਨ ਲਈ ਪ੍ਰਾਪਤ ਕੀਤੇ ਸੁਨੇਹਿਆਂ ਦੀ ਵਰਤੋਂ ਕਰਦਾ ਹੈ ਅਤੇ ਪ੍ਰਕਾਸ਼ ਦੀ ਗਤੀ ਦੀ ਵਰਤੋਂ ਕਰਕੇ ਹਰੇਕ ਉਪਗ੍ਰਹਿ ਦੀ ਦੂਰੀ ਦੀ ਗਣਨਾ ਕਰਦਾ ਹੈ। ਇਹਨਾਂ ਵਿੱਚੋਂ ਹਰ ਇੱਕ ਦੂਰੀ ਅਤੇ ਉਪਗ੍ਰਹਿ ਦੇ ਟਿਕਾਣੇ ਇੱਕ ਗੋਲੇ ਨੂੰ ਪਰਿਭਾਸ਼ਿਤ ਕਰਦੇ ਹਨ। ਰਿਸੀਵਰ ਇਹਨਾਂ ਵਿੱਚੋਂ ਹਰੇਕ ਗੋਲੇ ਦੀ ਸਤ੍ਹਾ 'ਤੇ ਹੁੰਦਾ ਹੈ ਜਦੋਂ ਦੂਰੀਆਂ ਅਤੇ ਸੈਟੇਲਾਈਟਾਂ ਦੇ ਟਿਕਾਣੇ ਸਹੀ ਹੁੰਦੇ ਹਨ। ਇਹਨਾਂ ਦੂਰੀਆਂ ਅਤੇ ਸੈਟੇਲਾਈਟਾਂ ਦੇ ਟਿਕਾਣਿਆਂ ਦੀ ਵਰਤੋਂ ਨੈਵੀਗੇਸ਼ਨ ਸਮੀਕਰਨਾਂ ਦੀ ਵਰਤੋਂ ਕਰਕੇ ਰਿਸੀਵਰ ਦੀ ਸਥਿਤੀ ਦੀ ਗਣਨਾ ਕਰਨ ਲਈ ਕੀਤੀ ਜਾਂਦੀ ਹੈ। ਇਹ ਟਿਕਾਣਾ ਫਿਰ ਪ੍ਰਦਰਸ਼ਿਤ ਕੀਤਾ ਜਾਂਦਾ ਹੈ, ਸ਼ਾਇਦ ਇੱਕ ਮੂਵਿੰਗ ਮੈਪ ਡਿਸਪਲੇ ਜਾਂ ਅਕਸ਼ਾਂਸ਼ ਅਤੇ ਲੰਬਕਾਰ ਨਾਲ; ਉਚਾਈ ਜਾਂ ਉਚਾਈ ਦੀ ਜਾਣਕਾਰੀ ਸ਼ਾਮਲ ਕੀਤੀ ਜਾ ਸਕਦੀ ਹੈ। ਬਹੁਤ ਸਾਰੀਆਂ ਯੂਨਿਟਾਂ ਪ੍ਰਾਪਤ ਜਾਣਕਾਰੀ ਦਿਖਾਉਂਦੀਆਂ ਹਨ ਜਿਵੇਂ ਕਿ ਦਿਸ਼ਾ ਅਤੇ ਗਤੀ, ਸਥਿਤੀ ਤਬਦੀਲੀਆਂ ਤੋਂ ਗਿਣਿਆ ਜਾਂਦਾ ਹੈ। ਸਧਾਰਨ ਕਾਰਵਾਈ ਲਈ, ਸਭ ਤੋਂ ਵਧੀਆ ਨਤੀਜੇ ਲਈ ਚਾਰ ਜਾਂ ਵੱਧ ਉਪਗ੍ਰਹਿ ਦਿਖਾਈ ਦੇਣੇ ਚਾਹੀਦੇ ਹਨ। ਦੀ ਵਰਤੋਂ ਗਲੋਬਲ ਪੋਜੀਸ਼ਨਿੰਗ ਸਿਸਟਮ ਦੀ ਵਰਤੋਂ ਵਿਭਿੰਨ ਪ੍ਰਕਾਰ ਦੇ ਉਦੇਸ਼ਾਂ ਲਈ ਕੀਤੀ ਜਾਂਦੀ ਹੈ ਜਿਸ ਵਿੱਚ ਫੌਜੀ ਅਤੇ ਨਾਗਰਿਕ ਹਿੱਤ ਸ਼ਾਮਲ ਹੁੰਦੇ ਹਨ। ਜਦੋਂ ਕਿ ਅਸਲ ਵਿੱਚ ਇੱਕ ਮਿਲਟਰੀ ਪ੍ਰੋਜੈਕਟ, ਨੂੰ ਇੱਕ ਦੋਹਰੀ-ਵਰਤੋਂ ਵਾਲੀ ਤਕਨਾਲੋਜੀ ਮੰਨਿਆ ਜਾਂਦਾ ਹੈ, ਭਾਵ ਇਸ ਵਿੱਚ ਮਹੱਤਵਪੂਰਨ ਫੌਜੀ ਅਤੇ ਨਾਗਰਿਕ ਐਪਲੀਕੇਸ਼ਨ ਹਨ। ਵਣਜ, ਵਿ-ਗਿਆਨਕ ਵਰਤੋਂ, ਟਰੈਕਿੰਗ ਅਤੇ ਨਿਗਰਾਨੀ ਲਈ ਵਿਆਪਕ ਤੌਰ 'ਤੇ ਤਾਇਨਾਤ ਅਤੇ ਉਪਯੋਗੀ ਸਾਧਨ ਬਣ ਗਿਆ ਹੈ। ਦਾ ਸਹੀ ਸਮਾਂ ਰੋਜ਼ਾਨਾ ਦੀਆਂ ਗਤੀਵਿਧੀਆਂ ਜਿਵੇਂ ਕਿ ਬੈਂਕਿੰਗ, ਮੋਬਾਈਲ ਫੋਨ ਸੰਚਾਲਨ, ਅਤੇ ਇੱਥੋਂ ਤੱਕ ਕਿ ਪਾਵਰ ਗਰਿੱਡ ਦੇ ਨਿਯੰਤਰਣ ਨੂੰ ਚੰਗੀ ਤਰ੍ਹਾਂ ਸਮਕਾਲੀ ਹੈਂਡ-ਆਫ ਸਵਿਚਿੰਗ ਦੀ ਆਗਿਆ ਦੇ ਕੇ ਸੁਵਿਧਾ ਪ੍ਰਦਾਨ ਕਰਦਾ ਹੈ। ਹਾਲਾਂਕਿ, ਤਕਨਾਲੋਜੀ ਦੇ ਕੁਝ ਮਹੱਤਵਪੂਰਨ ਉਪਯੋਗਾਂ ਵਿੱਚ ਸ਼ਾਮਲ ਹਨ: ਨੇਵੀਗੇਸ਼ਨ: ਤਕਨਾਲੋਜੀ ਸਿਪਾਹੀਆਂ ਨੂੰ ਉਦੇਸ਼ਾਂ ਨੂੰ ਲੱਭਣ ਦੀ ਇਜਾਜ਼ਤ ਦਿੰਦੀ ਹੈ, ਭਾਵੇਂ ਹਨੇਰੇ ਵਿੱਚ ਜਾਂ ਅਣਜਾਣ ਖੇਤਰ ਵਿੱਚ, ਅਤੇ ਫੌਜ ਅਤੇ ਸਪਲਾਈ ਦੀ ਗਤੀ ਦਾ ਤਾਲਮੇਲ ਕਰਨ ਲਈ। ਹਥਿਆਰਬੰਦ ਬਲਾਂ ਵਿੱਚ, ਕਮਾਂਡਰ ਕਮਾਂਡਰ ਡਿਜੀਟਲ ਅਸਿਸਟੈਂਟ ਦੀ ਵਰਤੋਂ ਕਰਦੇ ਹਨ ਅਤੇ ਹੇਠਲੇ ਰੈਂਕ ਸੋਲਜਰ ਡਿਜੀਟਲ ਅਸਿਸਟੈਂਟ ਦੀ ਵਰਤੋਂ ਕਰਦੇ ਹਨ। ਇੱਥੋਂ ਤੱਕ ਕਿ ਇਸ ਤਕਨਾਲੋਜੀ ਦੀ ਵਿਆਪਕ ਤੌਰ 'ਤੇ ਉਨ੍ਹਾਂ ਸਿਪਾਹੀਆਂ ਨੂੰ ਲੱਭਣ ਲਈ ਕੀਤੀ ਗਈ ਹੈ ਜੋ ਜੰਗਲੀ ਖੇਤਰਾਂ ਜਾਂ ਫੌਜ ਦੇ ਵਾਹਨਾਂ ਦੇ ਵਿਚਕਾਰ ਗੁੰਮ ਹੋ ਸਕਦੇ ਹਨ ਜੋ ਵਿਦੇਸ਼ੀ ਖੇਤਰਾਂ ਵਿੱਚ ਉਲਝ ਸਕਦੇ ਹਨ। ਸੁਰੱਖਿਆ: ਟੈਕਨਾਲੋਜੀ ਆਟੋ ਅਤੇ ਮੋਬਾਈਲ ਚੋਰੀਆਂ ਦੇ ਵਿਰੁੱਧ ਵੀ ਪਹਿਰੇਦਾਰ ਵਜੋਂ ਕੰਮ ਕਰਦੀ ਹੈ ਅਤੇ ਜੇਕਰ ਕਾਰਾਂ ਦੀਆਂ ਨੰਬਰ ਪਲੇਟਾਂ ਵਿੱਚ ਚਿਪਸ ਲਗਾਈਆਂ ਜਾਂਦੀਆਂ ਹਨ ਤਾਂ ਇਹਨਾਂ ਨੂੰ ਆਸਾਨੀ ਨਾਲ ਟਰੇਸ ਕੀਤਾ ਜਾ ਸਕਦਾ ਹੈ ਭਾਵੇਂ ਇਹ ਚੋਰੀ ਹੋਣ ਅਤੇ ਕਿਸੇ ਹੋਰ ਖੇਤਰ ਵਿੱਚ ਭੇਜੀਆਂ ਜਾਣ। ਨਾਲ ਹੀ, ਤਕਨੀਕ ਦੀ ਵਰਤੋਂ ਕਰਕੇ ਗੁੰਮ ਹੋਏ ਜਾਂ ਚੋਰੀ ਹੋਏ ਮੋਬਾਈਲ ਫ਼ੋਨਾਂ ਦਾ ਪਤਾ ਲਗਾਉਣਾ ਆਸਾਨ ਹੈ। ਇਸ ਲਈ ਮੋਬਾਈਲ ਅਤੇ ਵਾਹਨ ਚੋਰੀ ਦੇ ਵਿਰੁੱਧ ਸਾਡੀ ਸੁਰੱਖਿਆ ਚਿੰਤਾਵਾਂ ਦਾ ਇੱਕ ਸੰਪੂਰਨ ਜਵਾਬ ਹੈ। ਟਾਰਗੇਟ ਟ੍ਰੈਕਿੰਗ: ਟੈਕਨਾਲੋਜੀ ਦੇ ਮੁੱਖ ਫੌਜੀ ਉਪਯੋਗਾਂ ਵਿੱਚੋਂ ਇੱਕ ਵਿੱਚ ਟਾਰ-ਗੇਟ ਟਰੈਕਿੰਗ ਸ਼ਾਮਲ ਹੈ। ਕਈ ਫੌਜੀ ਹਥਿਆਰ ਪ੍ਰਣਾਲੀਆਂ ਸੰਭਾਵੀ ਜ਼ਮੀਨੀ ਅਤੇ ਹਵਾਈ ਟੀਚਿਆਂ ਨੂੰ ਦੁਸ਼ਮਣ ਵਜੋਂ ਫਲੈਗ ਕਰਨ ਤੋਂ ਪਹਿਲਾਂ ਉਹਨਾਂ ਨੂੰ ਟਰੈਕ ਕਰਨ ਲਈ ਦੀ ਵਰਤੋਂ ਕਰਦੀਆਂ ਹਨ। ਹਵਾਈ ਹਥਿਆਰਾਂ ਨੂੰ ਲਾਂਚ ਕਰਨ ਲਈ ਇਹਨਾਂ ਹਥਿਆਰਾਂ ਲਈ ਨਿਸ਼ਾਨਾ ਸਥਿਤੀ ਨੂੰ ਨਿਯੰਤਰਿਤ ਕਰਨ ਲਈ ਜੀਪੀਐਸ ਬਹੁਤ ਮਹੱਤਵਪੂਰਨ ਹੈ। ਇਹ ਹਥਿਆਰ ਪ੍ਰਣਾਲੀਆਂ ਸਟੀਕ-ਨਿਰਦੇਸ਼ਿਤ ਹਥਿਆਰਾਂ ਨੂੰ ਨਿਸ਼ਾਨਾ ਤਾਲਮੇਲ ਨੂੰ ਪਾਸ ਕਰਦੀਆਂ ਹਨ ਤਾਂ ਜੋ ਉਹਨਾਂ ਨੂੰ ਟੀਚਿਆਂ ਨੂੰ ਸਹੀ ਢੰਗ ਨਾਲ ਸ਼ਾਮਲ ਕਰਨ ਦੀ ਇਜਾਜ਼ਤ ਦਿੱਤੀ ਜਾ ਸਕੇ। ਫੌਜੀ ਜਹਾਜ਼, ਖਾਸ ਤੌਰ 'ਤੇ ਹਵਾ ਤੋਂ ਜ਼ਮੀਨੀ ਭੂਮਿਕਾਵਾਂ ਵਿੱਚ, ਟੀਚਿਆਂ ਨੂੰ ਲੱਭਣ ਲਈ ਦੀ ਵਰਤੋਂ ਕਰਦੇ ਹਨ। 12,000 ਜਾਂ ਲਗਭਗ 118 /2 ਦੇ ਪ੍ਰਵੇਗ ਦਾ ਸਾਮ੍ਹਣਾ ਕਰਨ ਦੇ ਯੋਗ ਏਮਬੈੱਡਡ ਰਿਸੀਵਰ 155 ਮਿਲੀਮੀਟਰ (6.1 ਇੰਚ) ਹਾਵਿਟਜ਼ਰਾਂ ਵਿੱਚ ਵਰਤਣ ਲਈ ਵਿਕਸਤ ਕੀਤੇ ਗਏ ਹਨ। ਖੋਜ ਅਤੇ ਬਚਾਅ: ਡਾਊਨ ਕੀਤੇ ਪਾਇਲਟ ਤੇਜ਼ੀ ਨਾਲ ਲੱਭੇ ਜਾ ਸਕਦੇ ਹਨ ਜੇਕਰ ਉਨ੍ਹਾਂ ਦੀ ਸਥਿਤੀ ਦਾ ਪਤਾ ਲੱਗ ਜਾਂਦਾ ਹੈ। ਨਾਲ ਹੀ, ਜਿਹੜੇ ਵਾਹਨ ਜੰਗਲਾਂ ਦੇ ਵਿਚਕਾਰ ਜਾਂ ਕਿਸੇ ਵਿਦੇਸ਼ੀ ਖੇਤਰ ਵਿੱਚ ਗੁਆਚ ਜਾਂਦੇ ਹਨ, ਉਹਨਾਂ ਨੂੰ ਸਿਸਟਮ ਦੀ ਵਰਤੋਂ ਕਰਕੇ ਆਸਾਨੀ ਨਾਲ ਟਰੇਸ ਕੀਤਾ ਜਾ ਸਕਦਾ ਹੈ। ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਦੁਰਘਟਨਾਗ੍ਰਸਤ ਹੋਣ ਵਾਲੇ ਜਹਾਜ਼ਾਂ ਨੂੰ ਵੀ ਇਸ ਤਕਨਾਲੋਜੀ ਦੇ ਨਾਲ-ਨਾਲ ਕੁਦਰਤੀ ਆਫ਼ਤਾਂ ਦੇ ਸਮੇਂ ਨਾਗਰਿਕਾਂ ਦੀ ਵਰਤੋਂ ਲਈ ਟਰੇਸ ਕੀਤਾ ਜਾਂਦਾ ਹੈ। ਜੰਗਲ ਦੇ ਵਿਚਕਾਰ ਗੁਆਚ ਗਏ ਸੈਨਿਕਾਂ ਜਾਂ ਸਮੁੰਦਰ ਵਿੱਚ ਗੁਆਚ ਗਏ ਮਰੀਨਾਂ ਨੂੰ ਤਕਨਾਲੋਜੀ ਦੀ ਵਰਤੋਂ ਕਰਕੇ ਲੱਭਿਆ ਜਾ ਸਕਦਾ ਹੈ। ਸੈਲੂਲਰ ਟੈਲੀਫੋਨੀ: ਕਲਾਕ ਸਿੰਕ੍ਰੋਨਾਈਜ਼ੇਸ਼ਨ ਟਾਈਮ ਟ੍ਰਾਂਸਫਰ ਨੂੰ ਸਮਰੱਥ ਬਣਾਉਂਦੀ ਹੈ, ਜੋ ਕਿ ਮੋਬਾਈਲ ਐਮਰਜੈਂਸੀ ਕਾਲਾਂ ਅਤੇ ਹੋਰ ਐਪਲੀਕੇਸ਼ਨਾਂ ਲਈ ਇੰਟਰ-ਸੈਲ ਹੈਂਡਆਫ ਅਤੇ ਹਾਈਬ੍ਰਿਡ /ਸੈਲੂਲਰ ਸਥਿਤੀ ਖੋਜ ਨੂੰ ਸਮਰਥਨ ਦੇਣ ਲਈ ਦੂਜੇ ਬੇਸ ਸਟੇਸ਼ਨਾਂ ਨਾਲ ਇਸਦੇ ਫੈਲਣ ਵਾਲੇ ਕੋਡਾਂ ਨੂੰ ਸਮਕਾਲੀ ਕਰਨ ਲਈ ਮਹੱਤਵਪੂਰਨ ਹੈ। ਏਕੀਕ੍ਰਿਤ ਵਾਲੇ ਪਹਿਲੇ ਹੈਂਡਸੈੱਟ 1990 ਦੇ ਅਖੀਰ ਵਿੱਚ ਲਾਂਚ ਕੀਤੇ ਗਏ ਸਨ। ਦੀ ਵਰਤੋਂ ਐਮਰਜੈਂਸੀ ਨੰਬਰਾਂ ਜਿਵੇਂ ਕਿ 100, 101 ਆਦਿ 'ਤੇ ਕਾਲਾਂ ਕਰਨ ਲਈ ਪ੍ਰਭਾਵਸ਼ਾਲੀ ਢੰਗ ਨਾਲ ਕੀਤੀ ਜਾਂਦੀ ਹੈ, ਜੋ ਕਿ ਸੈਟੇਲਾਈਟ ਤਕਨਾਲੋਜੀ ਦੀ ਵਰਤੋਂ ਕਰਕੇ ਸਿੱਧੇ ਨਜ਼ਦੀਕੀ ਹੈਲਪਲਾਈਨ ਕੇਂਦਰ 'ਤੇ ਭੇਜੇ ਜਾਂਦੇ ਹਨ। ਜੀਓਫੈਂਸਿੰਗ: ਜੀਓਫੈਂਸਿੰਗ ਸਹੂਲਤ ਜਿਸ ਵਿੱਚ ਵਾਹਨ ਟਰੈਕਿੰਗ ਸਿਸਟਮ, ਵਿਅਕਤੀ ਟਰੈਕਿੰਗ ਪ੍ਰਣਾਲੀਆਂ, ਅਤੇ ਪਾਲਤੂ ਜਾਨਵਰਾਂ ਦੇ ਟਰੈਕਿੰਗ ਸਿਸਟਮ ਸ਼ਾਮਲ ਹਨ, ਵਾਹਨ, ਵਿਅਕਤੀ ਜਾਂ ਪਾਲਤੂ ਜਾਨਵਰ ਦਾ ਪਤਾ ਲਗਾਉਣ ਲਈ ਦੀ ਵਰਤੋਂ ਕਰਦੇ ਹਨ। ਇਹ ਯੰਤਰ ਵਾਹਨ, ਵਿਅਕਤੀ ਜਾਂ ਪਾਲਤੂ ਜਾਨਵਰ ਦੇ ਕਾਲਰ ਨਾਲ ਜੁੜੇ ਹੋਏ ਹਨ। ਅਲਜ਼ਾਈਮਰ ਰੋਗ ਵਾਲੇ ਮਰੀਜ਼ ਹਨਇਸ ਤਕਨੀਕ ਦੀ ਵਰਤੋਂ ਕਰਕੇ ਯਾਦ ਰੱਖਣ ਵਿੱਚ ਇੱਕ ਸਮੱਸਿਆ ਦਾ ਵੀ ਪਤਾ ਲਗਾਇਆ ਜਾਂਦਾ ਹੈ। ਐਪਲੀਕੇਸ਼ਨ ਨਿਰੰਤਰ ਟਰੈਕਿੰਗ ਅਤੇ ਮੋਬਾਈਲ ਜਾਂ ਇੰਟਰਨੈਟ ਅਪਡੇਟ ਪ੍ਰਦਾਨ ਕਰਦੀ ਹੈ ਜੇਕਰ ਟੀਚਾ ਇੱਕ ਮਨੋਨੀਤ ਖੇਤਰ ਛੱਡਦਾ ਹੈ। ਨਾਲ ਹੀ, ਮੋਟਰ-ਵਾਹਨਾਂ ਦੇ ਨਾਲ ਮਿਲ ਕੇ ਇਸ ਤਕਨਾਲੋਜੀ ਦੀ ਵਰਤੋਂ ਪੂਰੀ ਤਰ੍ਹਾਂ ਕੰਪਿਊਟਰਾਈਜ਼ਡ ਕਾਰ ਨੂੰ ਵਿਕਸਤ ਕਰਨ ਲਈ ਕੀਤੀ ਗਈ ਹੈ ਜਿਸ ਨੂੰ ਡਰਾਈਵਰ ਦੀ ਵੀ ਲੋੜ ਨਹੀਂ ਹੈ। ਦੇ ਫਾਇਦੇ ਅਤੇ ਨੁਕਸਾਨ ਹਰ ਸਿੱਕੇ ਦੇ ਦੋ ਪਾਸੇ ਹੁੰਦੇ ਹਨ। ਜੇਕਰ ਫਾਇਦੇ ਹਨ ਤਾਂ ਇਹ ਵੀ ਸਪੱਸ਼ਟ ਹੈ ਕਿ ਉਸ ਦੇ ਨਾਲ-ਨਾਲ ਕੁਝ ਕਮੀਆਂ ਜਾਂ ਨੁਕਸਾਨ ਵੀ ਹੋਣੇ ਚਾਹੀਦੇ ਹਨ। ਇਹੀ ਨਿਯਮ ਸਿਸਟਮਾਂ 'ਤੇ ਵੀ ਲਾਗੂ ਹੁੰਦਾ ਹੈ। ਇਸ ਤਕਨਾਲੋਜੀ ਦੇ ਬਹੁਤ ਸਾਰੇ ਫਾਇਦੇ ਹਨ ਜੋ ਅਸੀਂ ਪ੍ਰਾਪਤ ਕਰਦੇ ਹਾਂ, ਪਰ ਕਿਤੇ ਨਾ ਕਿਤੇ ਸਾਨੂੰ ਇਸ ਤਕਨਾਲੋਜੀ ਦੀ ਸੀਮਾ ਦੇ ਕਾਰਨ ਕੁਝ ਸਮਝੌਤਾ ਵੀ ਕਰਨਾ ਪੈਂਦਾ ਹੈ। ਸਿਸਟਮ ਇੱਕ ਨਵੀਨਤਮ ਤਕਨੀਕੀ ਲੀਪ ਹੈ, ਜਿਸ ਨੇ ਸੰਚਾਰ ਤਕਨਾਲੋਜੀ ਅਤੇ ਸਾਡੇ ਜੀਵਨ ਦੇ ਹੋਰ ਵੱਖ-ਵੱਖ ਖੇਤਰਾਂ ਵਿੱਚ ਨਵੀਆਂ ਵਿਸ਼ੇਸ਼ਤਾਵਾਂ ਲਿਆਂਦੀਆਂ ਹਨ। ਦੇ ਬਹੁਤ ਸਾਰੇ ਫਾਇਦੇ ਹਨ ਜਦੋਂ ਇਹ ਉਪਯੋਗੀ ਵਿਸ਼ੇਸ਼ਤਾਵਾਂ ਜਿਵੇਂ ਕਿ ਕਾਰਾਂ ਅਤੇ ਮੋਬਾਈਲਾਂ ਨੂੰ ਟਰੈਕ ਕਰਨਾ ਜਾਂ ਯਾਤਰਾ ਦੌਰਾਨ ਦਿਸ਼ਾਵਾਂ ਜਾਣਨਾ ਆਉਂਦਾ ਹੈ। ਇਹ ਸੁਰੱਖਿਆ ਚਿੰਤਾਵਾਂ ਦਾ ਇੱਕ ਢੁਕਵਾਂ ਜਵਾਬ ਹੈ ਜਿਨ੍ਹਾਂ ਦਾ ਅਸੀਂ ਅੱਜ ਦੇ ਯੁੱਗ ਵਿੱਚ ਵੱਧਦੇ ਹੋਏ ਸਾਹਮਣਾ ਕਰ ਰਹੇ ਹਾਂ। ਕਾਰਾਂ ਚੋਰੀ ਹੋ ਜਾਂਦੀਆਂ ਹਨ ਅਤੇ ਪ੍ਰਣਾਲੀਆਂ ਨਾਲ, ਉਹਨਾਂ ਦਾ ਚੰਗੀ ਤਰ੍ਹਾਂ ਪਤਾ ਲਗਾਇਆ ਜਾ ਸਕਦਾ ਹੈ ਅਤੇ ਉਪਭੋਗਤਾ ਨੂੰ ਵਾਪਸ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ, ਮੋਬਾਈਲ ਫੋਨਾਂ 'ਤੇ ਜੀਪੀਐਸ ਲਗਾਇਆ ਜਾ ਸਕਦਾ ਹੈ ਅਤੇ ਇਹ ਇੱਕ ਵਾਰ ਫਿਰ ਇੱਕ ਵੱਡੀ ਸਹਾਇਤਾ ਸਾਬਤ ਹੁੰਦਾ ਹੈ। ਨਾਲ ਹੀ, ਬੱਚਿਆਂ ਅਤੇ ਔਰਤਾਂ ਦੀ ਵਾਧੂ ਸੁਰੱਖਿਆ ਲਈ ਕ੍ਰਮਵਾਰ ਸਕੂਲ ਜਾਂ ਕਾਲਜ ਦੀਆਂ ਬੱਸਾਂ ਅਤੇ ਕੈਬ ਵਿੱਚ ਜੀਪੀਐਸ ਲਗਾਉਣ ਦਾ ਇੱਕ ਵੱਡਾ ਫਾਇਦਾ ਹੈ। ਪਰ ਉਸੇ ਸਮੇਂ, ਕੁਝ ਸੀਮਾਵਾਂ ਵੀ ਹਨ. ਕਈ ਵਾਰ ਇਸਦੀ ਸ਼ੁੱਧਤਾ 'ਤੇ ਸ਼ੱਕ ਕੀਤਾ ਜਾ ਸਕਦਾ ਹੈ ਅਤੇ ਹੋਰ ਡਿਵਾਈਸਾਂ ਦੁਆਰਾ ਟਰੈਕ ਕੀਤੇ ਜਾਣ ਦਾ ਡਰ ਵੀ ਹੁੰਦਾ ਹੈ ਜਿਸ ਨਾਲ ਸੁਰੱਖਿਆ ਚਿੰਤਾਵਾਂ ਹੋ ਸਕਦੀਆਂ ਹਨ। ਗਲੋਬਲ ਪੋਜੀਸ਼ਨਿੰਗ ਸਿਸਟਮ ਦੇ ਫਾਇਦੇ ਇਹ ਸੈਟੇਲਾਈਟ-ਅਧਾਰਿਤ ਨੇਵੀਗੇਸ਼ਨ ਸਿਸਟਮ ਫੌਜੀ, ਸਿਵਲ ਅਤੇ ਵਪਾਰਕ ਉਪਭੋਗਤਾਵਾਂ ਲਈ ਇੱਕ ਮਹੱਤਵਪੂਰਨ ਸਾਧਨ ਹੈ। ਇਸ ਤਕਨੀਕ ਦਾ ਸਭ ਤੋਂ ਵੱਡਾ ਫਾਇਦਾ ਇਹ ਹੈ ਕਿ ਇਹ ਮੁਫਤ ਪ੍ਰਦਾਨ ਕੀਤੀ ਜਾਂਦੀ ਹੈ। ਇਸ ਤਕਨੀਕ ਨਾਲ ਜੁੜੇ ਬਹੁਤ ਸਾਰੇ ਫਾਇਦੇ ਹਨ। ਵਾਹਨ ਟਰੈਕਿੰਗ ਸਿਸਟਮ ਉਹਨਾਂ ਗਾਹਕਾਂ ਦਾ ਹਵਾਲਾ ਦੇ ਕੇ ਖਰਚਿਆਂ ਨੂੰ ਘਟਾਉਣ ਵਿੱਚ ਮਦਦ ਕਰਦੇ ਹਨ ਜੋ ਤੇਜ਼ ਰਫ਼ਤਾਰ ਅਤੇ ਈਂਧਨ ਦੀ ਮਹੱਤਤਾ ਦੇ ਜੋਖਮਾਂ ਨੂੰ ਨਹੀਂ ਸਮਝਦੇ। ਮੁਲਾਂਕਣ ਅਤੇ ਇਹਨਾਂ ਡਰਾਈਵਰਾਂ ਦੀ ਪਛਾਣ ਕਰਨ ਦੁਆਰਾ, ਬਾਲਣ ਦੀ ਖਪਤ ਨੂੰ ਘਟਾ ਕੇ ਬਹੁਤ ਸਾਰੀ ਊਰਜਾ ਬਚਾਈ ਜਾ ਸਕਦੀ ਹੈ। ਸਪੀਡ ਮੀਟਰ 'ਤੇ ਘੱਟ ਰੀਡਿੰਗ ਵੀ ਘੱਟ ਦੁਰਘਟਨਾਵਾਂ ਨੂੰ ਯਕੀਨੀ ਬਣਾਉਂਦੀ ਹੈ। ਹਾਲਾਂਕਿ ਕੁਝ ਹੋਰ ਫਾਇਦਿਆਂ ਵਿੱਚ ਸ਼ਾਮਲ ਹਨ: ਵਾਯੂਮੰਡਲ ਦੀ ਪਾਣੀ ਦੀ ਸਮਗਰੀ ਨੂੰ ਨਿਰਧਾਰਤ ਕਰਦਾ ਹੈ, ਜਿਸ ਨਾਲ ਪਾਣੀ ਦੀ ਭਵਿੱਖਬਾਣੀ ਦੀ ਸ਼ੁੱਧਤਾ ਵਿੱਚ ਸੁਧਾਰ ਹੁੰਦਾ ਹੈ। ਸਰਵੇਖਣ ਦੇ ਰਵਾਇਤੀ ਤਰੀਕਿਆਂ ਵਿੱਚ ਇਹ ਯਕੀਨੀ ਬਣਾਉਣ ਲਈ ਇੱਕ ਡਿਜ਼ਾਈਨ ਦੀ ਲੋੜ ਹੁੰਦੀ ਹੈ ਕਿ ਦਰਸ਼ਣ ਦੀ ਮਾਪ ਲਾਈਨ ਦੇ ਵਿਚਕਾਰ ਕੁਝ ਵੀ ਨਹੀਂ ਆਉਂਦਾ। ਸਾਜ਼ੋ-ਸਾਮਾਨ ਦੇ ਨਾਲ, ਤੁਹਾਨੂੰ ਪਲੇਸਮੈਂਟ ਦੇ ਵਿਸਤ੍ਰਿਤ ਡਿਜ਼ਾਇਨ ਦੀ ਲੋੜ ਨਹੀਂ ਹੈ ਅਤੇ ਤੁਸੀਂ ਜ਼ਮੀਨ ਦੇ ਖੇਤਰ ਦੇ ਬਾਵਜੂਦ ਸਰਵੋਤਮ ਮਾਪ ਬਿੰਦੂ ਚੁਣ ਸਕਦੇ ਹੋ। ਵਾਹਨਾਂ ਦੀ ਸਰਵਿਸਿੰਗ ਅਤੇ ਮੈਰੀਨੇਟਿੰਗ ਲਈ ਬਹੁਤ ਸਾਰਾ ਸਮਾਂ ਅਤੇ ਪੈਸੇ ਦੀ ਲੋੜ ਹੁੰਦੀ ਹੈ। ਜਦੋਂ ਇਹ ਗੱਲ ਆਉਂਦੀ ਹੈ ਤਾਂ ਸਿਸਟਮ ਅੰਤਮ ਲਾਗਤਾਂ ਨੂੰ ਬਚਾਉਣ ਵਿੱਚ ਮਦਦ ਕਰਦੇ ਹਨ। ਇਹ ਮੈਪਿੰਗ ਦੇ ਨਾਲ-ਨਾਲ ਟਰੈਕਿੰਗ ਦੇ ਹੁਨਰ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਦਾ ਹੈ ਅਤੇ ਵਾਹਨਾਂ ਦੀਆਂ ਚੋਰੀਆਂ ਦੇ ਵਿਰੁੱਧ ਸੁਰੱਖਿਆ ਦੇ ਤੌਰ 'ਤੇ ਕੰਮ ਕਰਦਾ ਹੈ ਅਤੇ ਕਿਸੇ ਗੁੰਮ ਹੋਏ ਵਿਅਕਤੀ ਨੂੰ ਲੱਭਣ ਲਈ ਵੀ ਕੰਮ ਕਰਦਾ ਹੈ। ਕਾਰਪੋਰੇਟ ਗਲੋਬਲ ਪੋਜੀਸ਼ਨਿੰਗ ਪ੍ਰਣਾਲੀਆਂ ਦੇ ਫਾਇਦੇ ਵੀ ਪ੍ਰਾਪਤ ਕਰ ਸਕਦੇ ਹਨ। ਉਹ ਤਕਨਾਲੋਜੀ ਦੀ ਵਰਤੋਂ ਕਰਕੇ ਆਪਣੇ ਕਰਮਚਾਰੀਆਂ ਅਤੇ ਕੰਪਨੀ ਦੀ ਉਤਪਾਦਕਤਾ 'ਤੇ ਨਜ਼ਰ ਰੱਖ ਸਕਦੇ ਹਨ। ਦੀ ਵਰਤੋਂ ਕਰਮਚਾਰੀਆਂ ਦੀ ਵਿਅਕਤੀਗਤ ਤੌਰ 'ਤੇ ਨਿਗਰਾਨੀ ਕਰਨ ਲਈ ਕੀਤੀ ਜਾ ਸਕਦੀ ਹੈ, ਜਿਵੇਂ ਕਿ ਉਹਨਾਂ ਦੇ ਕੰਮ ਦੇ ਸਮੇਂ ਅਤੇ ਬ੍ਰੇਕ ਟਾਈਮਿੰਗ ਅਤੇ ਫਰਮ ਵਿੱਚ ਕਿਸੇ ਵੀ ਵਿਅਕਤੀ ਦੀ ਕਾਰਗੁਜ਼ਾਰੀ ਦਾ ਰਿਕ-ਾਰਡ ਰੱਖਣ ਲਈ ਇੱਕ ਬਹੁਤ ਹੀ ਉਪਯੋਗੀ ਸਾਧਨ ਹੋ ਸਕਦਾ ਹੈ। ਗਲੋਬਲ ਪੋਜੀਸ਼ਨਿੰਗ ਸਿਸਟਮ ਦੇ ਨੁਕਸਾਨ ਜੇਕਰ ਦੇ ਬਹੁਤ ਸਾਰੇ ਫਾਇਦੇ ਹਨ ਤਾਂ ਇਹ ਸਪੱਸ਼ਟ ਹੈ ਕਿ ਇਸ ਦੇ ਕੁਝ ਨੁਕਸਾਨ ਹੋਣ ਦੇ ਨਾਲ-ਨਾਲ ਸੀਮਾਵਾਂ ਵੀ ਹੋਣੀਆਂ ਚਾਹੀਦੀਆਂ ਹਨ। ਦੇ ਨੁਕਸਾਨ ਇਹ ਹਨ ਕਿ ਟੀ ਪੂਰੀ ਤਰ੍ਹਾਂ ਰੇਡੀਓ ਦੁਆਰਾ ਸੈਟੇਲਾਈਟ ਸਿਗਨਲ ਪ੍ਰਾਪਤ ਕਰਨ 'ਤੇ ਨਿਰਭਰ ਕਰਦਾ ਹੈ, ਇਸਲਈ ਪ੍ਰਮਾਣੂ ਹਥਿਆਰਾਂ ਦੇ , ਰੇਡੀਓ ਦਖਲਅੰਦਾਜ਼ੀ, ਅਤੇ ਅਸਫਲ ਉਪਗ੍ਰਹਿਆਂ ਦਾ ਸ਼ਿਕਾਰ ਹੋ ਸਕਦਾ ਹੈ। ਇਹ ਮੌਜੂਦਾ ਕਾਰਵਾਈ ਵਿੱਚ ਲਗਭਗ ਅਣਸੁਣੀਆਂ ਹਨ, ਅਤੇ ਆਓ ਉਮੀਦ ਕਰੀਏ ਕਿ ਇਹ ਅਸੰਭਵ ਹਨ। ਬਹੁਤ ਸਾਰੇ ਉਪਭੋਗਤਾ ਜੋ ਵਾਹਨਾਂ ਵਿੱਚ ਦੀ ਵਰਤੋਂ ਕਰਦੇ ਹਨ ਜੇਕਰ ਉਹ ਸੜਕ ਦੀ ਬਜਾਏ 'ਤੇ ਜ਼ਿਆਦਾ ਧਿਆਨ ਦਿੰਦੇ ਹਨ ਤਾਂ ਦੁਰਘਟਨਾਵਾਂ ਦਾ ਖ਼ਤਰਾ ਹੁੰਦਾ ਹੈ, ਇਸ ਤੋਂ ਵੱਧ ਅਕਸਰ ਤੁਹਾਨੂੰ ਬਲਾਕ ਕੀਤੀਆਂ ਸੜਕਾਂ ਜਾਂ ਨਿਰਮਾਣ ਅਧੀਨ ਸੜਕਾਂ 'ਤੇ ਮੁਸੀਬਤ ਵਿੱਚ ਪਾ ਸਕਦਾ ਹੈ। ਇਕ ਹੋਰ ਮੁੱਦਾ ਸ਼ੁੱਧਤਾ ਹੈ. ਕੁਝ ਸੰਭਾਵੀ ਐਪਲੀਕੇਸ਼ਨਾਂ ਹੋਰ ਵੀ ਬਿਹਤਰ ਸ਼ੁੱਧਤਾ ਦੀ ਵਰਤੋਂ ਕਰ ਸਕਦੀਆਂ ਹਨ, ਉਦਾਹਰਨ ਲਈ ਅੰਨ੍ਹੇ, ਸਵੈਚਲਿਤ ਵਾਹਨਾਂ ਅਤੇ ਹਵਾਈ ਜਹਾਜ਼ਾਂ ਲਈ ਸਹਾਇਤਾ ਵਜੋਂ। ਇੱਕ ਹੋਰ ਮੁੱਦਾ ਇਹ ਹੈ ਕਿ ਸਥਿਤੀ ਕਦੇ-ਕਦਾਈਂ ਗਲਤੀ ਵਿੱਚ ਮਹੱਤਵਪੂਰਨ ਹੋ ਸਕਦੀ ਹੈ, ਖਾਸ ਕਰਕੇ ਜਦੋਂ ਸੈਟੇਲਾਈਟਾਂ ਦੀ ਗਿਣਤੀ ਸੀਮਤ ਹੁੰਦੀ ਹੈ। ਇਸ ਤੋਂ ਇਲਾਵਾ, ਸੈਲੂਲਰ ਡਿਵਾਈਸਾਂ ਨੂੰ ਦੂਜੇ ਸੈਲੂਲਰ ਦੁਆਰਾ ਟਰੈਕ ਕੀਤੇ ਜਾਣ ਦਾ ਜੋਖਮ ਵੀ ਹੁੰਦਾ ਹੈ ਜਿਸ ਨਾਲ ਸੁਰੱਖਿਆ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ।

# ਸ. ਕਰਤਾਰ ਸਿੰਘ ਸਰਾਭੇ ਨੂੰ ਯਾਦ ਕਰਦਿਆਂ

ਹੱਥਾਂ ਨੂੰ 'ਕਿਰਤ' 'ਤੇ ਪੈਰਾਂ ਨੂੰ 'ਉਦਾਸੀਆਂ' ਦਾ ਅਸ਼ੀਰਵਾਦ ਲੈਕੇ ਘਰਾਂ ਤੋਂ ਤੁਰਨਾ ਪੰਜਾਬੀਆਂ ਦੇ ਹਿੱਸੇ ਮੁੱਢ ਤੋਂ ਹੀ ਰਿਹਾ ਹੈ। ਸਮਾਂ ਕੋਈ ਵੀ ਹੋਵੇ, ਹਾਲਤਾਂ ਮੁਤਾਬਕ ਕਾਰਨ ਜੋ ਵੀ ਹੋਣ ਪਰ ਪੰਜਾਬੀਆਂ ਨੇ ਹਮੇਸ਼ਾ ਆਪਣਾ ਸਫ਼ਰ ਅਣਖਾਂ ਦੇ ਸਾਫੇ ਬੰਨ੍ਹ ਕੇ ਚੜ੍ਹਦੀ ਕਲਾ ਨਾਲ਼ ਹੀ ਤੈਅ ਕੀਤਾ ਹੈ। ਅੱਜ ਅਸੀਂ ਇੱਥੇ ਇੱਕ ਅਜਿਹੇ ਹੀ ਘੁੰਮਕੜ ਬਿਰਤੀ ਦੇ ਮਾਲਕ 'ਤੂਫ਼ਾਨਾਂ ਦੇ ਸ਼ਾਹ ਅਸਵਾਰ' ਦੀ ਗੱਲ ਬੜੇ ਮਾਣ ਨਾਲ਼ ਸਾਂਝੀ ਕਰਾਂਗੇ। ਜਿਸ ਨੂੰ ਉਹਦੇ ਜਮਾਤੀ ਕਦੇ 'ਉੱਡਣਾ ਸੱਪ' ਵੀ ਕਿਹਾ ਕਰਦੇ ਸਨ। ਇਹੋ 'ਉੱਡਣਾ ਸੱਪ' ਭਾਰਤ ਵਿੱਚ ਸਭ ਤੋਂ ਨਿੱਕੀ ਉਮਰੇ ਜਹਾਜ ਚਲਾਉਣ ਦਾ ਮਾਣ ਖੱਟਕੇ ਅੱਗੇ ਜਾਕੇ 'ਬਾਲ ਜਰਨੈਲ' ਹੋਣ ਦਾ ਰੁਤਬਾ ਪਾਉਂਦਾ ਹੈ।

ਇਸ ਬਾਲ ਜਰਨੈਲ ਦਾ ਜਨਮ 24 ਮਈ 1896 ਨੂੰ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਰਾਭਾ ਵਿਖੇ ਪਿਤਾ ਸ. ਮੰਗਲ ਸਿੰਘ ਦੇ ਘਰ ਮਾਤਾ ਸਾਹਿਬ ਕੌਰ ਦੀ ਕੁੱਖੋਂ ਹੋਇਆ ਸੀ। ਪਿੰਡ ਸਰਾਭਾ ਦਾ ਨਾਂ ਪੜ੍ਹਦਿਆਂ ਸਰਦਾਰ ਕਰਤਾਰ ਸਿੰਘ ਦਾ ਨਾਂ ਤੁਹਾਡੇ ਦਿਮਾਗ਼ ਵਿੱਚ ਆਪਣੇ ਆਪ ਜ਼ਰੂਰ ਆ ਗਿਆ ਹੋਵੇਗਾ। ਅੱਜ ਅਸੀਂ ਉਹੀ ਸ.ਕਰਤਾਰ ਸਿੰਘ ਸਰਾਭਾ ਬਾਰੇ ਗੱਲ ਕਰਾਂਗੇ ਜੋ ਬਾਅਦ ਵਿੱਚ ਗ਼ਦਰ ਲਹਿਰ ਦਾ ਨਿੱਕੀ ਉਮਰੇ ਇੱਕ ਮਹਾਂਨਾਇਕ ਹੋ ਨਿੱਬੜਿਆ। 'ਸਰਾਭੇ' ਦਾ ਪਰਿਵਾਰ ਆਪਣੇ ਜ਼ਮਾਨੇ ਵਿੱਚ ਪੜ੍ਹਿਆ-ਲਿਖਿਆ ਅਤੇ ਖਾਂਦਾ-ਪੀਂਦਾ ਸਰਦਾ ਪੁੱਜਦਾ ਪਰਿਵਾਰ ਸੀ। ਕਰਤਾਰ ਸਿੰਘ ਦੇ ਤਿੰਨ ਚਾਚੇ ਸ.ਬਿਸ਼ਨ ਸਿੰਘ, ਡਾ.ਵੀਰ ਸਿੰਘ ਤੇ ਬਖਸ਼ੀਸ਼ ਸਿੰਘ ਚੰਗੀਆਂ ਨੌਕਰੀਆਂ ਉੱਤੇ ਉਦੋਂ ਲੱਗੇ ਹੋਏ ਸਨ। ਬਖਸ਼ੀਸ਼ ਸਿੰਘ ਉੜੀਸਾ ਵਿੱਚ ਜੰਗਲਾਤ ਮਹਿਕਮੇ ਵਿਚ ਸੀ ਤੇ ਇੱਕ ਚਾਚਾ ਯੂ.ਪੀ. ਵਿਚ ਸਬ ਇੰਸਪੈਕਟਰ ਸੀ। ਸਰਾਭੇ ਦੇ ਬਾਪ ਸ. ਮੰਗਲ ਸਿੰਘ ਦੀ ਸਰਾਭੇ ਦੇ ਬਚਪਨ ਵਿੱਚ ਹੀ ਮੌਤ ਹੋ ਗਈ ਸੀ। ਜਿਸ ਕਰਕੇ ਬਾਅਦ ਵਿੱਚ ਸਰਾਭੇ ਦੇ ਪਾਲਣ-ਪੋਸ਼ਣ ਦੀ ਜੁੰਮਿਵਾਰੀ ਦਾਦਾ ਸਰਦਾਰ ਬਚਨ ਸਿੰਘ ਨੇ ਨਿਭਾਈ। ਸ.ਕਰਤਾਰ ਸਿੰਘ ਸਰਾਭੇ ਦੀ ਭੈਣ ਦਾ ਨਾਂ ਧੰਨ ਕੌਰ ਸੀ।

ਪਰਿਵਾਰ ਵੱਲੋਂ ਅੱਠ ਕੁ ਸਾਲ ਦੀ ਉਮਰੇ ਕਰਤਾਰ ਸਿੰਘ ਨੂੰ ਪਿੰਡ ਦੇ ਹੀ ਪ੍ਰਾਇਮਰੀ ਸਕੂਲ ਵਿਚ ਪੜ੍ਹਨ ਪਾਇਆ ਗਿਆ। ਚਾਰ ਜਮਾਤਾਂ ਉਸ ਨੇ ਇੱਥੇ ਹੀ ਪਾਸ ਕੀਤੀਆਂ। ਅੱਗੇ ਪੰਜਵੀਂ ਦੀ ਪੜ੍ਹਾਈ ਵਰਨੈਕੁਲਰ ਸਕੂਲ ਗੁੱਜਰਵਾਲ ਵਿੱਚ ਕੀਤੀ। ਪੰਜਵੀਂ ਵਿਚ ਕਰਤਾਰ ਸਿੰਘ ਦਾ ਜਮਾਤੀ ਬਾਬਾ ਹਰਭਜਨ ਸਿੰਘ ਦੀ ਚਮਿੰਡਾ ਬਣਿਆ ਜੋ ਪਿੱਛੋਂ ਜਾ ਕੇ ਉਨ੍ਹਾਂ ਨਾਲ ਹੀ ਗ਼ਦਰ ਪਾਰਟੀ ਵਿਚ ਸ਼ਾਮਿਲ ਹੋਇਆ। ਕਰਤਾਰ ਸਿੰਘ ਨੇ ਗੁੱਜਰਵਾਲ ਤੋਂ ਵਰਨੈਕੁਲਰ ਅੱਠਵੀਂ ਪਾਸ ਕਰ ਲਈ ਤਾਂ ਪਰਿਵਾਰ ਵੱਲੋਂ ਉਸ ਨੂੰ ਅਗਲੀ ਪੜ੍ਹਾਈ ਲਈ ਲੁਧਿਆਣਾ ਦੇ ਮਾਲਵਾ ਖਾਲਸਾ ਹਾਈ ਸਕੂਲ ਵਿਚ ਦਾਖਲ ਕਰਵਾਇਆ ਗਿਆ।

1910-1911 ਦੌਰਾਨ ਕਰਤਾਰ ਸਿੰਘ ਆਪਣੇ ਚਾਚੇ ਬਖਸ਼ੀਸ ਸਿੰਘ ਕੋਲ਼ ਚਲਿਆ ਗਿਆ,ਜਿੱਥੇ ਉਸਨੇ ਦਸਵੀਂ ਪਾਸ ਕੀਤੀ।

ਸ.ਕਰਤਾਰ ਸਿੰਘ ਜਨਵਰੀ 1912 ਵਿਚ ਅਮਰੀਕਾ ਦੀ ਕੈਲੀਫੋਰਨੀਆ ਸਟੇਟ ਵਿਚ ਪਹੁੰਚਿਆ ਅਤੇ ਬਰਕਲੇ ਯੂਨੀਵਰਸਿਟੀ ਦੇ ਕੈਮਿਸਟਰੀ ਵਿਭਾਗ ਵਿਚ ਦਾਖਲਾ ਲੈਣ ਦੀ ਕੋਸ਼ਸ ਕੀਤੀ। ਉਸ ਵਕਤ ਪੰਜਾਬ ਤੋਂ ਪਹੁੰਚਣ ਵਾਲੇ ਸਿੱਖ ਕੈਲੀਫੋਰਨੀਆ ਹੀ ਪਹੁੰਚਦੇ ਸਨ। ਕਿਉਂਕਿ ਉਥੇ ਸਿੱਖ ਵੱਡੀ ਗਿਣਤੀ ਵਿਚ ਰਹਿੰਦੇ ਸਨ। ਜੋ ਖੇਤੀ ਫਾਰਮਾਂ ਵਿਚ ਕੰਮ ਕਰਦੇ ਸਨ।

ਅਮਰੀਕਾ ਰਹਿੰਦੇ ਹੋਏ ਇੱਕ ਦਿਨ ਸਰਾਭੇ ਨੇ ਇੱਕ ਅਮਰੀਕਨ ਔਰਤ ਨੂੰ ਦੇਸ਼ ਭਗਤਾਂ ਨੂੰ ਪ੍ਰਣਾਮ ਕਰਦੇ ਦੇਖਕੇ ਇਸ ਬਾਰੇ ਜਾਣਨ ਦੀ ਕੋਸ਼ਿਸ਼ ਕੀਤੀ। ਜਦ ਉਸ ਔਰਤ ਨੇ ਦੱਸਿਆ ਕਿ "ਇਸ ਦਿਨ ਸਾਡਾ ਅਮਰੀਕਾ, ਗੁਲਾਮੀ ਤੋਂ ਆਜ਼ਾਦ ਹੋਇਆ ਸੀ। ਅਸੀਂ ਆਜ਼ਾਦੀ ਪਰਵਾਨਿਆਂ ਨੂੰ ਕਦੀ ਵੀ ਭੁਲਾ ਨਹੀਂ ਸਕਦੇ।" ਇਹ ਸੁਣ ਕੇ ਉਸ ਦੇ ਦਿਮਾਗ਼ ਵਿੱਚ ਖਲਬਲੀ ਮੱਚ ਗਈ। ਉਸ ਨੇ ਸੋਚਿਆ ਕਿ ਅਸੀਂ ਇੱਥੇ ਪੜ੍ਹਨ ਤੇ ਡਾਲਰ ਕਮਾਉਣ ਲਈ ਆ ਗਏ ਹਾਂ। ਸਾਡਾ ਦੇਸ਼ ਗੁਲਾਮ ਹੈ। ਸਾਨੂੰ ਇੱਥੇ 'ਕਾਲੇ', 'ਕੁਲੀ', 'ਡੈਮ' ਤੇ 'ਡਰਟੀ' ਕਿਹਾ ਜਾਂਦਾ ਹੈ। ਸਾਡੇ ਆਪਣੇ ਦੇਸ਼ ਦੇ ਲੋਕ ਗਰੀਬੀ, ਭੁੱਖ-ਨੰਗ ਅਤੇ ਹਕੂਮਤ ਦੇ ਜ਼ੁਲਮ ਦਾ ਸ਼ਿਕਾਰ ਹਨ। ਇਹ ਸੋਚ ਕੇ ਉਸਦੇ ਦਿਲ ਵਿੱਚ ਅੰਗਰੇਜ਼ੀ ਰਾਜ ਵਿਰੁੱਧ ਗੁੱਸਾ ਹੋਰ ਉਬਾਲੇ ਖਾਣ ਲੱਗਾ। ਹੌਲ਼ੀ-ਹੌਲ਼ੀ ਸਮੇਂ-ਸਮੇਂ ਕਰਤਾਰ ਸਿੰਘ ਸਰਾਭਾ ਦੀ ਮੁਲਾਕਾਤ ਸਰਾਭੇ ਪਿੰਡ ਦੇ ਹੀ ਰੁਲੀਆ ਸਿੰਘ ਰਾਹੀਂ ਪਰਮਾਨੰਦ, ਲਾਲਾ ਹਰਦਿਆਲ, ਪੰਡਤ ਜਗਤ ਰਾਮ ਰਿਹਾਨਾ, ਭਾਈ ਜਵਾਲਾ ਸਿੰਘ ਅਤੇ ਹੋਰ ਭਾਰਤੀ ਕਾਮਿਆਂ ਨਾਲ ਹੋਈ। ਇਹਨਾਂ ਨੇ ਸਭ ਨੇ ਭਾਰਤ ਦੀ ਲੰਬੀ ਗੁਲਾਮੀ ਦੇ ਕਾਰਨਾਂ ਉੱਪਰ ਵਿਚਾਰ ਕਰਕੇ ਇਹੋ ਸਿੱਟਾ ਕੱਢਿਆ ਕਿ ਆਜ਼ਾਦੀ ਦੀ ਲੜਾਈ ਲਈ ਇੱਕ ਮਜ਼ਬੂਤ ਜਥੇਬੰਦੀ ਦੀ ਲੋੜ ਹੈ।

ਅਮਰੀਕਾ ਵਿੱਚ ਵੱਸਦੇ ਹਿੰਦੁਸਤਾਨੀਆਂ ਨੇ ਜਦ 1913 ਈ. ਵਿੱਚ ਗ਼ਦਰ ਨਾਂਅ ਦੀ ਇੱਕ ਪਾਰਟੀ ਬਣਾਈ,ਜਿਸ ਦੇ ਪ੍ਰਧਾਨ ਪ੍ਰਸਿੱਧ ਦੇਸ਼ ਭਗਤ ਸੋਹਣ ਸਿੰਘ ਭਕਨਾ ਅਤੇ ਸਕੱਤਰ ਲਾਲਾ ਹਰਦਿਆਲ ਸਨ। ਇਸ ਸਮੇਂ ਦੌਰਾਨ ਕਰਤਾਰ ਸਿੰਘ ਸਰਾਭਾ ਸੋਹਣ ਸਿੰਘ ਭਕਨਾ ਨੂੰ ਮਿਲ਼ਿਆ।

ਜਦੋਂ ਗ਼ਦਰ ਪਾਰਟੀ ਦੀਆਂ ਸਰਗਰਮੀਆਂ ਸ਼ੁਰੂ ਹੋਈਆਂ ਤਾਂ ਸਰਦਾਰ ਕਰਤਾਰ ਸਿੰਘ ਸਰਾਭੇ ਨੇ ਉਦੋਂ ਹੀ ਆਪਣਾ ਜੀਵਨ ਪਾਰਟੀ ਨੂੰ ਹੀ ਸਮਰਪਿਤ ਕਰਨ ਦਾ ਫੈਸਲਾ ਕਰ ਲਿਆ ਸੀ। ਜਿਸਦਾ ਸਰਾਭੇ ਦੇ ਮਨ ਵਿੱਚ ਇੱਕੋ-ਇੱਕ ਮਕਸਦ ਸੀ ਆਪਣੇ ਵਤਨ ਦੇ ਲੋਕਾਂ ਨੂੰ ਆਜ਼ਾਦ ਕਰਵਾਉਣਾ। ਜਦ ਨਵੰਬਰ 1913 ਤੋਂ 'ਗ਼ਦਰ' ਦਾ ਪਹਿਲਾ ਪਰਚਾ ਨਿਕ-ਲਿਆ ਤਾਂ ਸਰਦਾਰ ਕਰਤਾਰ ਸਿੰਘ ਸਰਾਭਾ ਪਰਚੇ ਦੇ ਬਾਨੀਆਂ ਵਿੱਚ ਸ਼ਾਮਿਲ ਸੀ। ਜਦ ਦਸੰਬਰ 1913 ਵਿਚ ਗੁਰਮੁਖੀ 'ਗ਼ਦਰ' ਸ਼ੁਰੂ ਹੋਇਆ ਤਾਂ ਸਰਾਭੇ ਉਪਰ ਹੀ ਪਰਚੇ ਦੀ ਮੁੱਖ ਜਿੰਮੇਵਾਰੀ ਸੀ। ਲਾਲਾ ਹਰਦਿਆਲ ਦੀਆਂ ਉਰਦੂ ਲਿਖਤਾਂ ਨੂੰ ਗੁਰਮੁਖੀ ਵਿਚ ਕਰਤਾਰ ਸਿੰਘ ਹੀ ਕਰਦਾ ਸੀ। ਸ.ਕਰਤਾਰ ਸਿੰਘ ਸਰਾਭੇ ਦਾ ਕੰਮ ਤੇ ਕੌਮ ਪ੍ਰਤਿ ਸਮਰਪਣ ਪੂਰਨ ਤੌਰ ਤੇ ਆਖਰੀ ਸਾਹਾਂ ਤੱਕ ਸਿੱਖੀ ਸਿਧਾਂਤਾਂ ਤੋਂ ਪ੍ਰੇਰਿਤ ਰਿਹਾ।। ਇਸ ਦੀ ਸਭ ਤੋਂ ਵੱਡੀ ਗਵਾਹੀ ਗੁਰਮੁਖੀ 'ਗ਼ਦਰ' ਅਖਬਾਰ ਹੀ ਭਰਦਾ ਹੈ।ਜਿਸ 'ਤੇ ਸਰਾਭੇ ਨੇ ਗੁਰਬਾਣੀ ਦੇ ਇਹ ਸ਼ਬਦ ਟੈਗ ਲਾਈਨ ਵਜੋਂ ਲਿਖੇ ਹੋਏ ਸਨ "ਜਉ ਤਉ ਪ੍ਰੇਮ ਖੇਲਣ ਕਾ ਚਾਉ ॥ਸਿਰੁ ਧਰਿ ਤਲੀ ਗਲੀ ਮੇਰੀ ਆਉ ॥" ਜਦ ਕਿ ਉਰਦੂ ਪਰਚੇ ਉਪਰ ਟੈਗ ਲਾਈਨ 'ਅੰਗ੍ਰੇਜ਼ੀ ਰਾਜ ਕਾ ਦੁਸ਼ਮਨ' ਲਿਖੀ ਹੋਈ ਸੀ।

ਅਗਸਤ 1914 ਵਿੱਚ ਪਹਿਲਾ ਵਿਸਵ ਯੁੱਧ ਲੱਗ ਜਾਣ ਦੇ ਮੱਦੇ ਨਜ਼ਰ ਗ਼ਦਰ ਪਾਰਟੀ ਨੇ ਭਾਰਤ ਚੱਲ ਕੇ ਇਨਕਲਾਬ ਕਰਨ ਦਾ ਫੈਸਲਾ ਕਰ ਲਿਆ ਸੀ ਤਾਂ ਸ.ਕਰਤਾਰ ਸਿੰਘ ਸਰਾਭਾ ਪੰਜਾਬ ਪਹੁੰਚਣ ਵਾਲੇ ਗ਼ਦਰੀਆਂ ਵਿੱਚ ਸ਼ਾਮਿਲ ਸਨ। ਅੰਗਰੇਜ਼ ਸਰਕਾਰ ਨੇ ਕਲਕੱਤੇ ਦੀਆਂ ਬੰਦਰਗਾਹਾਂ 'ਤੇ ਪਹਿਲਾਂ ਹੀ ਨਾਕੇ ਲਗਾਏ ਹੋਏ ਸੀ ਤੇ ਉਸ ਸਮੇਂ ਗ਼ਦਰ ਲਹਿਰ ਦੀ ਚੋਟੀ ਦੀ ਲੀਡਰਸ਼ਿਪ ਭਾਈ ਸੋਹਣ ਸਿੰਘ ਭਕਨਾ, ਬਾਬਾ ਜਵਾਲਾ ਸਿੰਘ , ਬਾਬਾ ਕੇਸਰ ਸਿੰਘ ਠੱਠਗੜ੍ਹ, ਬਾਬਾ ਸ਼ੇਰ ਸਿੰਘ ਆਦਿ ਨੂੰ ਗ੍ਰਿਫਤਾਰ ਕਰ ਕਰ ਲਿਆ ਸੀ। ਪਰ ਉਦੋਂ ਕਰਤਾਰ ਸਿੰਘ ਸਰਾਭਾ ਆਪਣੀ ਫੁਰਤੀ ਨਾਲ਼ ਹੋਰ ਰਸਤੇ ਭਾਰਤ ਵਿੱਚ ਦਾਖਲ ਹੋ ਗਿਆ। ਚੋਟੀ ਦੀ ਲੀਡਰਸ਼ਿਪ ਦੀ ਗ੍ਰਿਫਤਾਰੀ ਤੋਂ ਬਾਅਦ ਸਰਾਭੇ ਦੀ ਮਿਹਨਤ ਤੇ ਜਨੂੰਨ ਨੇ ਹੀ ਇਸ ਲਹਿਰ ਨੂੰ ਸਿਖ਼ਰ 'ਤੇ ਪਹੁੰਚ-ਾਇਆ।

ਉਸ ਨੇ ਇੱਕ ਪਾਸੇ ਮਾਲਵਾ ਖਾਲਸਾ ਹਾਈ ਸਕੂਲ ਦੇ ਵਿਦਿਆਰਥੀਆਂ ਨੂੰ ਤਿਆਰ ਕੀਤਾ, ਦੂਜੇ ਪਾਸੇ ਰਕਾਬ ਗੰਜ ਐਜੀਟੇਸ਼ਨ ਨਾਲ ਜੁੜੇ ਹੋਏ ਭਾਈ ਸਾਹਿਬ ਭਾਈ ਰਣਧੀਰ ਸਿੰਘ ਵਰਗੇ ਧਾਰਮਿਕ ਆਗੂਆਂ ਨਾਲ ਤਾਲ-ਮੇਲ ਕੀਤਾ, ਤੀਜਾ ਬੰਗਾਲ ਦੇ ਕ੍ਰਾਂਤੀਕਾਰੀਆਂ ਨਾਲ ਤਾਲ-ਮੇਲ ਕਰਕੇ ਉਨ੍ਹਾਂ ਕੋਲੋਂ ਹਥਿਆਰਾਂ ਦਾ ਪ੍ਰਬੰਧ ਕੀਤਾ, ਚੌਥਾ ਵੱਖੋ-ਵੱਖ ਫੌਜੀ ਛਾਉਣੀਆਂ ਵਿੱਚ ਫੌਜੀਆਂ ਨਾਲ ਤਾਲਮੇਲ ਕਰਕੇ ਉਨ੍ਹਾਂ ਨੂੰ ਬਗਾਵਤ ਲਈ ਤਿਆਰ ਕੀਤਾ।

ਕਰਤਾਰ ਸਿੰਘ ਸਰਾਭਾ, ਸੁੱਚਾ ਸਿੰਘ ਹਰੀ ਅਤੇ ਪਿੰਗਲੇ 11 ਫਰਵਰੀ ਨੂੰ ਲਾਹੌਰ ਮੋਚੀ ਗੇਟ ਵਾਲੇ ਘਰ ਮੀਟਿੰਗ ਦੌਰਾਨ ਬਗਾਵਤ ਦੀ ਤਾਰੀਖ 21 ਫਰਵਰੀ ਰੱਖੀ। ਸਾਰੇ ਮੈਬਰਾਂ ਦਾ ਧਿਆਨ ਹੁਣ 21 ਫਰਵਰੀ ਦੀਆਂ ਤਿਆਰੀਆਂ ਉੱਤੇ ਸੀ ਪਰ ਕਿਰਪਾਲ ਸਿੰਘ ਨੇ ਇਸ ਦੀ ਸੂਹ ਪੁਲਿਸ ਨੂੰ ਦੇ ਦਿੱਤੀ। ਜਿਸ ਨਾਲ 21 ਫਰਵਰੀ ਦੀ ਬਗਾਵਤ ਫੇਲ ਹੋ ਗਈ। ਪੁਲਿਸ ਨੇ ਮੋਚੀ ਗੇਟ ਵਾਲ਼ੇ ਘਰ 'ਤੇ ਨਜ਼ਰ ਰੱਖਣੀ ਸ਼ੁਰੂ ਕਰ ਦਿੱਤੀ। ਪੁਲਿਸ ਵਾਲ਼ੇ ਸਾਦੇ ਕੱਪੜੇ ਪਾ ਕੇ ਘਰ ਦੇ ਚਾਰੇ ਚੁਫੇਰੇ ਤੈਨਾਤ ਹੋ ਗਏ ਸੀ। ਪੁਲਿਸ ਨੇ ਕਿਰਪਾਲ ਸਿੰਘ ਦੀਆਂ ਸੂਹਾਂ 'ਤੇ ਬਹੁਤ ਸਾਰੇ ਗ਼ਦਰ ਪਾਰਟੀ ਦੇ ਮੈਬਰ ਗਿਰਫ਼ਤਾਰ ਕਰ ਲਏ ਸੀ ਪਰ ਕਰਤਾਰ ਸਿੰਘ ਸਰਾਭਾ, ਜਗਤ ਸਿੰਘ ਅਤੇ ਹਰਨਾਮ ਸਿੰਘ ਕੋਟਲਾ ਬਚ ਕੇ ਪੰਜਾਬ ਆਉਦੇ-ਆਉਦੇ ਉਹ ਪਠਾਣੀ ਭੇਸ ਬਣਾ ਕੇ ਅਫ਼ਗਾਨਿਸਤਾਨ ਆ ਗਏ। ਜਿੱਥੇ 2 ਮਾਰਚ ਨੂੰ ਜਗਤ ਸਿੰਘ ਦੇ ਜਾਣ -ਪਛਾਣ ਵਾਲੇ ਰਾਜਿੰਦਰ ਸਿੰਘ ਦੇ ਘਰ ਪਹੁੰਚੇ, ਜਿਸ ਸਮੇਂ ਕਰਤਾਰ ਸਿੰਘ ਸਰਾਭਾ ਆਪਣੇ ਸਾਥੀਆਂ ਨੇ ਵਿਹੜੇ 'ਚ ਮੰਜੇ ਤੇ ਬੈਠ ਕੇ ਆਪਣੀ ਮੌਜ ਨਾਲ ਕਰਾਂਤੀਕਾਰੀ ਵਿਚਾਰਾਂ ਕਰ ਰਹੇ ਸੀ ਤਾਂ ਪੁਲਿਸ ਨੂੰ ਕਿਸੇ ਨੇ ਸੂਹ ਦੇ ਦਿੱਤੀ ਅਤੇ ਪੁਲਿਸ ਨੇ ਰਾਜਿੰਦਰ ਸਿੰਘ ਦੇ ਘਰ ਤੇ ਛਾਪਾ ਮਾਰਕੇ ਕਰਤਾਰ ਸਿੰਘ ਸਰਾਭਾ, ਜਗਤ ਸਿੰਘ, ਹਰਨਾਮ ਸਿੰਘ ਕੋਟਲਾ ਨੂੰ ਗਿਰਫ਼ਤਾਰ ਕਰ ਲਿਆ। ਜਦੋਂ ਕਰਤਾਰ ਸਿੰਘ ਸਰਾਭਾ 'ਤੇ ਬਗ਼ਾਵਤ ਦੇ ਦੋਸ਼ ਅਧੀਨ ਮੁਕੱਦਮਾ ਚੱਲ ਰਿਹਾ ਸੀ ਤਾਂ ਸਰਾਭੇ ਨੇ ਸਾਰੇ ਦੋਸ਼ਾਂ ਦੀ ਸਮੁੱਚੀ ਜੁੰਮੇਵਾਰੀ ਆਪਣੇ ਖੁਦ ਉੱਪਰ ਲੈ ਲਈ ਸੀ।

ਅਮਰੀਕਾ ਅੰਦਰ ਜੁਲਾਈ 1912 ਤੋਂ ਲੈਕੇ ਭਾਰਤ ਅੰਦਰ 19 ਫਰਵਰੀ 1915 ਤੱਕ ਹਰ ਸਰਗਰਮੀ ਵਿੱਚ ਕਰਤਾਰ ਸਿੰਘ ਸਰਾਭਾ ਦਾ ਹੱਥ ਰਿਹਾ ਸੀ। ਇਸ ਗੱਲ ਦੀ ਪੁਸ਼ਟੀ ਵਾਅਦਾ-ਮੁਆਫ਼ ਗਵਾਹਾਂ ਅਮਰ ਸਿੰਘ, ਮੂਲਾ ਸਿੰਘ, ਨਵਾਬ ਖਾਂ, ਸੁੱਚਾ ਸਿੰਘ, ਉਮਰਾਓ ਸਿੰਘ ਨੇ ਗਵਾਹੀ ਦਿੱਤੀ।

ਕਰਤਾਰ ਸਿੰਘ ਸਰਾਭਾ ਤੇ ਉਸਦੇ ਸਾਥੀਆਂ ਦੇ ਮੁਕੱਦਮੇ ਦੀ ਕਾਰਵਾਈ 26 ਅਪਰੈਲ 1915 ਨੂੰ ਸ਼ੁਰੂ ਹੋਈ ਤੇ 13 ਸਤੰਬਰ ਨੂੰ ਖਤਮ ਹੋਈ।

ਆਖਰਕਾਰ ਸਾਰੇ ਮੁਕੱਦਮੇ ਦੀ ਕਾਰਵਾਈ ਤੋਂ ਬਾਅਦ 13 ਸਤੰਬਰ 1915 ਨੂੰ ਫੈਸਲਾ ਸੁਣਾਇਆ ਗਿਆ। ਜਿਸ ਵਿੱਚ ਲਾਹੌਰ ਸਾਜ਼ਸਿ ਕੇਸ ਤਹਿਤ ਕਰਤਾਰ ਸਿੰਘ ਸਰਾਭਾ ਸਣੇ 24 ਲੋਕਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਵਾਇਸਰਾਏ ਨੇ ਨਜ਼ਰਸਾਨੀ ਦੌਰਾਨ 14 ਨਵੰਬਰ 1915 ਨੂੰ 17 ਗ਼ਦਰੀਆਂ ਦੀ ਫਾਂਸੀ ਤੋੜ ਕੇ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ।

ਜੱਜ ਨੇ ਕਰਤਾਰ ਸਿੰਘ ਸਰਾਭਾ ਨੂੰ ਵੀ ਕਿਹਾ, "ਜੇ ਤੂੰ ਮੁਆਫੀ ਮੰਗ ਲਏ ਤਾਂ ਅਸੀਂ ਤੇਰੀ ਸਜ਼ਾ ਮੁਆਫ ਕਰ ਸਕਦੇ ਹਾਂ ਕਿਉਂਕਿ ਤੇਰੀ ਉਮਰ ਵੀ ਛੋਟੀ ਹੈ।" ਤਾਂ ਕਰਤਾਰ ਸਿੰਘ ਸਰਾਭਾ ਨੇ ਕਿਹਾ, "ਮੈਂ ਤਾਂ ਇਸੇ ਕੰਮ ਲਈ ਇੱਥੇ ਆਇਆ ਹਾਂ ਅਤੇ ਜੇ ਮਰਾਂ ਵੀ ਤਾਂ ਮੇਰੀ ਇੱਛਾ ਹੈ ਕਿ ਫਿਰ ਜਨਮ ਲੈ ਕੇ ਵਤਨ ਦੀ ਆਜ਼ਾਦੀ ਲਈ ਲੜਾਂ ਤੇ ਫਿਰ ਆਪਣੀ ਜਾਨ ਦੇਵਾਂ।"

ਉਸ ਸਮੇਂ ਜੱਜ ਨੇ ਕਿਹਾ ਸੀ ਕਿ ਇਸ ਕੇਸ ਦੇ 61 ਮੁਲਜ਼ਮਾਂ ਵਿੱਚੋਂ ਸਭ ਤੋਂ ਖ਼ਤਰਨਾਕ ਕਰਤਾਰ ਸਿੰਘ ਸਰਾਭਾ ਹੈ ਇਸ ਲਈ ਉਸਦੀ ਫਾਂਸੀ ਦੀ ਸਜ਼ਾ ਮੁਆਫ ਨਹੀਂ ਕੀਤੀ ਜਾ ਸਕਦੀ। ਇਸੇ ਕਾਰਨ ਕਰਕੇ ਕਰਤਾਰ ਸਿੰਘ ਨੂੰ ਫਾਂਸੀ ਦਿੱਤੀ ਗਈ।

16 ਨੰਵਬਰ 1915 ਨੂੰ ਸਵੇਰੇ ਕਰਤਾਰ ਸਿੰਘ ਸਰਾਭਾ ਅਤੇ ਉਹਨਾ ਦੇ ਛੇ ਸਾਥੀਆਂ ਬਖਸ਼ੀਸ਼ ਸਿੰਘ, ਹਰਨਾਮ ਸਿੰਘ, ਜਗਤ ਸਿੰਘ, ਸੁਰੈਣ ਸਿੰਘ , ਸੁਰੈਣ ਅਤੇ ਵਿਸ਼ਨੂੰ ਗਣੇਸ਼ ਪਿੰਗਲੇ,ਲਾਹੌਰ ਦੀ ਸੈਂਟਰਲ ਜੇਲ੍ਹ ਵਿੱਚ ਫ਼ਾਂਸੀ ਚੜ੍ਹਾਇਆ ਗਿਆ। ਜਦੋਂ ਕਰਤਾਰ ਸਿੰਘ ਸਰਾਭਾ ਨੂੰ ਫਾਂਸੀ ਦੇਣ ਲੱਗੇ ਤਾਂ ਕਰਤਾਰ ਸਿੰਘ ਸਰਾਭਾ ਦੇ ਚਿਹਰੇ ਦੇ ਇੱਕ ਵੱਖਰੀ ਹੀ ਚਮਕ ਤੇ ਵੱਖਰਾ ਹੀ ਜਾਹੋ ਜਲਾਲ ਸੀ। ਆਖਰੀ ਮੁਲਾਕਾਤ ਦੌਰਾਨ ਉਹ ਆਪਣੇ ਦਾਦੇ ਨੂੰ ਵੀ ਚੜ੍ਹਦੀ ਕਲਾ ਵਿੱਚ ਰਹਿਣ ਦਾ ਸੁਨੇਹਾ ਦਿੰਦਾ। ਸਰਦਾਰ ਕਰਤਾਰ ਸਿੰਘ ਸਰਾਭੇ ਦੀ ਸ਼ਹਾਦਤ ਨੇ ਉਸ ਸਮੇਂ ਪੂਰੇ ਦੇਸ ਦੇ ਲੋਕਾਂ ਤੇ ਖ਼ਾਸਕਰ ਨੌਜਵਾਨਾਂ ਨੂੰ ਬਹੁਤ ਹੀ ਪ੍ਰਭਾਵਿਤ ਕੀਤਾ ਸੀ।ਉਹਨਾਂ ਹੀ ਨੌਜਵਾਨਾਂ ਵਿਚੋਂ ਇੱਕ ਸ. ਭਗਤ ਸਿੰਘ ਵੀ ਸੀ ਜੋ ਕਿ ਸ. ਕਰਤਾਰ ਸਿੰਘ ਸਰਾਭੇ ਨੂੰ ਆਪਣਾ ਗੁਰੂ ਮੰਨਦਾ ਸੀ।

ਸ. ਕਰਤਾਰ ਸਿੰਘ ਸਰਾਭੇ ਹੁਰੀਂ ਤਾਂ ਆਪਣੇ ਫ਼ਰਜ਼ ਨਿਭਾ ਚੱਲੇ ਹੁਣ ਲੋੜ ਹੈ ਅੱਜ ਦੀ ਸਾਡੀ ਨੌਜਵਾਨ ਪੀੜ੍ਹੀ ਨੂੰ ਕਿ ਉਹਨਾਂ ਦੇ ਪਾਏ ਪੂਰਨਿਆਂ 'ਤੇ ਕਿਵੇਂ ਚੱਲਣਾ ਕਿਉਂਕਿ ਜੇ ਦੇਖਿਆ ਜਾਵੇ ਅੱਜ ਦੇ ਹਾਲਾਤ ਵੀ ਉਵੇਂ ਹੀ ਬਣਦੇ ਜਾ ਰਹੇ ਨੇ,ਦੇਸ ਵਿੱਚ ਭ੍ਰਿਸ਼ਟਾਚਾਰ,ਬੇਈਮਾਨੀ ਤੇ ਡਾਵਾਂਡੋਲ ਆਰਥਿਕਤਾ ਕਾਰਨ ਆਮ ਲੋਕ ਇੱਕ ਤਰ੍ਹਾਂ ਦੀ ਗੁਲਾਮੀ ਹੀ ਹੰਢਾ ਰਹੇ ਹਨ। ਇਹੋ ਡਾਵਾਂਡੋਲ ਮਾਹੌਲ ਨੇ ਸਾਡੀ ਨੌਜਵਾਨੀ ਦੀ ਮਾਨਸਿਕਤਾ ਨੂੰ ਡਾਵਾਂਡੋਲ ਕੀਤਾ ਹੋਇਆ ਹੈ। ਜਿਸ ਕਰਕੇ ਕੁਝ ਨੌਜਵਾਨ ਨਸ਼ਿਆਂ ਦੀ ਮਾਰ ਨਾਲ਼ ਮਰਦੇ ਜਾ ਰਹੇ ਹਨ ਤੇ ਬਾਕੀ ਵਿਦੇਸ਼ਾਂ ਵੱਲ ਦੌੜ ਰਹੇ ਹਨ। ਅਜਿਹੇ ਮਾਹੌਲ 'ਚ ਸਾਡੇ ਆਪਣੇ ਵਤਨ ਤੋਂ ਪਰਵਾਸ ਕਰ ਰਹੇ ਸਰਾਭੇ ਦੇ ਵਾਰਸਾਂ ਨੂੰ ਆਪਣੇ ਇਤਿਹਾਸ ਤੋਂ ਪ੍ਰੇਰਨਾ ਦੇਣ ਦੀ ਸਭ ਤੋਂ ਵੱਡੀ ਲੋੜ ਹੈ। ਇਹਦੇ ਲਈ ਸਾਨੂੰ ਸਭ ਨੂੰ ਆਪੋ-ਆਪਣੇ ਪਰਿਵਾਰਾਂ-ਰਿਸ਼ਤੇਦਾਰਾਂ 'ਚ ਆਪਣੇ ਨਿੱਕੇ ਬੱਚਿਆਂ ਨੂੰ ਦੱਸੀਏ ਕਿ ਸਾਡੇ ਅਠਾਰਵੇਂ 'ਚ ਜਾਕੇ ਮੁੰਡਾ ਬਦਨਾਮ ਨਹੀਂ ਹੁੰਦਾਂ ਸਗੋਂ ਤੂਫ਼ਾਨਾਂ ਦਾ ਸ਼ਾਹ ਅਸਵਾਰ ਬਣ ਕੇ ਕਰਤਾਰ ਸਿੰਘ ਸਰਾਭਾ ਬਣ ਜਾਂਦਾ ਹੈ।

ਸੁਖਚੈਨ ਸਿੰਘ ਕੁਰੜ
(ਪੰਜਾਬੀ ਅਧਿਆਪਕ ਤੇ ਭਾਸ਼ਾ ਮੰਚ ਸਰਪ੍ਰਸਤ)
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਨਾ ਸਿੰਘ ਵਾਲਾ (ਫ਼ਿਰੋਜ਼ਪੁਰ)

# ਜਲ ਸਰੋਤ ਵਿਭਾਗ ਨੇ ਪਿਛਲੇ 9 ਮਹੀਨਿਆਂ ਵਿੱਚ ਨਹਿਰੀ ਪਾਣੀ ਦੇ ਝਗੜਿਆਂ ਦੇ 3222 ਕੇਸ ਨਿਪਟਾਏ : ਮੀਤ ਹੇਅਰ

*** ਜਲ ਸਰੋਤ ਮੰਤਰੀ ਨੇ ਕਈ ਸਾਲਾਂ ਤੋਂ ਲੰਬਿਤ ਪਏ ਸਨ ਕੇਸਾਂ ਨੂੰ ਨਿਪਟਾਉਣ ਦੇ ਕੰਮ ਦੀ ਸਮੀਖਿਆ ਕੀਤੀ * ਬਾਕੀ ਰਹਿੰਦੇ ਕੇਸ ਵੀ ਜਲਦ ਨਿਪਟਾਏ ਜਾਣਗੇ**



ਚੰਡੀਗੜ੍ਹ, 23 ਮਈ (ਪੋਸਟ ਬਿਊਰੋ): ਕਿਸਾਨਾਂ ਦੀ ਸਹੂਲਤ ਲਈ ਉਨ੍ਹਾਂ ਨੂੰ ਆਪਣੇ ਹਿੱਸੇ ਦਾ ਪਾਣੀ ਦੇਣ ਲਈ ਜਲ ਸਰੋਤ ਵਿਭਾਗ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਤਹਿਤ ਪਿਛਲੇ 9 ਮਹੀਨਿਆਂ ਵਿੱਚ ਨਹਿਰੀ ਪਾਣੀ ਦੇ ਝਗੜਿਆਂ ਦੇ 3222 ਕੇਸ ਨਿਪਟਾਏ ਗਏ ਹਨ। ਵਿਭਾਗ ਕੋਲ ਹੁਣ ਕੁੱਲ 5025 ਲੰਬਿਤ ਕੇਸਾਂ ਵਿੱਚੋਂ 1614 ਹੀ ਰਹਿ ਗਏ ਹਨ ਜਿਨ੍ਹਾਂ ਨੂੰ ਵੀ ਜਲਦ ਨਿਪਾਇਆ ਜਾਵੇਗਾ।

ਇਹ ਜਾਣਕਾਰੀ ਜਲ ਸਰੋਤ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਆਪਣੀ ਸਰਕਾਰੀ ਰਿਹਾਇਸ਼ ਵਿਖੇ ਨਹਿਰੀ ਪਾਣੀ ਦੇ ਝਗੜਿਆਂ ਦੇ ਕਈ ਸਾਲਾਂ ਤੋਂ ਲੰਬਿਤ ਪਏ ਕੇਸਾਂ ਨੂੰ ਨਿਪਟਾਉਣ ਦੇ ਕੰਮ ਦੀ ਸਮੀਖਿਆ ਲਈ ਰੱਖੀ ਮੀਟਿੰਗ ਉਪਰੰਤ ਦਿੱਤੀ। ਜਲ ਸਰੋਤ ਮੰਤਰੀ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਬਕਾਇਆ ਪਏ ਕੇਸਾਂ ਨੂੰ ਵੀ ਜਲਦ ਨਿਪਟਾਇਆ ਜਾਵੇ ਤਾਂ ਜੋ ਕਿਸਾਨ ਨਹਿਰੀ ਪਾਣੀ ਤੋਂ ਵਾਂਝਾ ਨਾ ਰਹੇ।

ਮੀਤ ਹੇਅਰ ਨੇ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਜਿੱਥੇ ਕਿਸਾਨਾਂ ਨੂੰ ਨਹਿਰੀ ਪਾਣੀ ਪੁੱਜਦਾ ਕਰਨ ਲਈ ਨਹਿਰੀ ਪਾਣੀ ਨੂੰ ਨੈਟਵਰਕ ਨੂੰ ਮਜ਼ਬੂਤ ਕਰ ਰਹੀ ਹੈ ਉੱਥੇ ਕਿਸਾਨਾਂ ਦੀ ਸਹੂਲਤ ਲਈ ਉਨ੍ਹਾਂ ਨੂੰ ਆਪਣੇ ਹਿੱਸੇ ਦਾ ਪਾਣੀ ਦੇਣਾ ਵੀ ਯਕੀਨੀ ਬਣਾ ਰਹੀ ਹੈ। ਨਹਿਰੀ ਪਾਣੀ ਦੇ ਝਗੜਿਆਂ ਦੇ ਮਾਮਲੇ ਨਿਬੇੜਨ ਦੇ ਕੰਮ ਉਤੇ ਜਲ ਸਰੋਤ ਵਿਭਾਗ ਦੇ ਤਕਨੀਕੀ ਅਮਲੇ ਅਤੇ ਮਾਲ ਸਟਾਫ਼ ਜਿਨ੍ਹਾਂ ਵਿੱਚ ਪਟਵਾਰੀ, ਜ਼ਲਿਦਾਰ ਤੇ ਡਿਪਟੀ ਕੁਲੈਕਟਰ ਆਦਿ ਸ਼ਾਮਲ ਹਨ, ਨੂੰ ਨਿਗਰਾਨੀ ਉੱਤੇ ਲਗਾਇਆ ਗਿਆ ਹੈ।

ਮੀਤ ਹੇਅਰ ਨੇ ਦੱਸਿਆ ਕਿ ਵਿਭਾਗ ਦੇ ਕੰਮ ਦੀ ਸਮੀਖਿਆ ਦੌਰਾਨ ਉਨ੍ਹਾਂ ਦੇ ਧਿਆਨ ਵਿੱਚ ਆਇਆ ਕਿ ਜਲ ਸਰੋਤ ਵਿਭਾਗ ਕੋਲ ਕਈ ਸਾਲਾਂ ਤੋਂ ਕਿਸਾਨਾਂ ਦੇ ਨਹਿਰੀ ਪਾਣੀ ਦੇ ਝਗੜੇ ਦੇ ਕੇਸ ਲੰਬਿਤ ਪਏ ਸਨ। ਕਈ ਕੇਸ ਤਾਂ ਦਹਾਕਿਆਂ ਦੇ ਲੰਬਿਤ ਪਏ ਸਨ। ਵਿਭਾਗ ਵੱਲੋਂ ਇਸ ਕੰਮ ਨੂੰ ਤਰਜੀਹ ਦਿੰਦਿਆਂ ਅਜਿਹੇ ਕੇਸਾਂ ਸੰਬੰਧੀ ਕਿਸਾਨਾਂ ਦੀਆਂ ਵੱਡੀ ਗਿਣਤੀ ਅਰਜ਼ੀਆਂ ਦੀ ਸ਼ਨਾਖਤ ਕੀਤੀ ਗਈ ਹੈ ਅਤੇ ਇਨ੍ਹਾਂ ਨੂੰ ਪਹਿਲ ਦੇ ਆਧਾਰ 'ਤੇ ਨਿਪਟਾਉਣ ਦੇ ਉਪਰਾਲੇ ਕੀਤੇ ਗਏ। ਵਿਭਾਗ ਕੋਲ ਕੁੱਲ 5025 ਕੇਸ ਬਕਾਇਆ ਪਏ ਸਨ। ਇਸ ਤੋਂ ਬਾਅਦ ਸਰਕਾਰ ਨੇ ਹਫਤਾਵਾਰੀ ਆਧਾਰ 'ਤੇ ਪ੍ਰਾਪਤ ਸਾਰੀਆਂ ਅਰਜ਼ੀਆਂ ਦੀ ਸਥਿਤੀ ਦੀ ਸਮੀਖਿਆ ਕੀਤੀ ਅਤੇ ਸਿਰਫ 9 ਮਹੀਨਿਆਂ ਦੇ ਸਮੇਂ ਵਿੱਚ 3222 ਕੇਸਾਂ ਦਾ ਨਿਪਟਾਰਾ ਕੀਤਾ ਗਿਆ। ਹੁਣ ਬਕਾਇਆ ਕੇਸਾਂ ਦੀ ਗਿਣਤੀ ਘਟ ਕੇ 1614 ਰਹਿ ਗਈ ਹੈ। ਇਹ ਵੀ ਜਲਦ ਨਿਪਟਾਏ ਜਾਣਗੇ।

ਜਲ ਸਰੋਤ ਮੰਤਰੀ ਨੇ ਦੱਸਿਆ ਕਿ ਇਸ ਕੰਮ ਨੂੰ ਤੇਜ਼ੀ ਨਾਲ ਨੇਪਰੇ ਚਾੜ੍ਹਨ ਲਈ ਜਿੱਥੇ ਵਿਭਾਗ ਦੇ ਕਰਮਚਾਰੀਆਂ ਦੀ ਵੱਧ ਲੋੜ ਹੈ, ਉੱਥੇ ਦੂਜੇ ਸਥਾਨਾਂ ਦੇ ਕਰਮਚਾਰੀਆਂ ਨੂੰ ਕੰਮ ਸੌਂਪਿਆ ਜਾ ਰਿਹਾ ਹੈ। ਸੂਬਾ ਸਰਕਾਰ ਲਈ ਕਿਸਾਨੀ ਪ੍ਰਮੁੱਖ ਤਰਜੀਹ ਹੈ ਅਤੇ ਕਿਸਾਨਾਂ ਨੂੰ ਨਹਿਰੀ ਪਾਣੀ ਹਾਸਲ ਕਰਨ ਵਿੱਚ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ।

ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਵੀ ਹਾਜ਼ਰ ਸਨ।

## ਫੀਮੇਲ ਹਾਊਸਕੀਪਰ ਦੀ ਲੋੜ

ਮਾਰਖਮ ਹਾਊਸ, ਜਿਸ ਵਿਚ ਕ੍ਰਿਸ਼ਨਾ ਮੰਦਰ ਹੈ, ਲਈ ਫੁਲ ਟਾਈਮ ਲਿਵ ਇਨ ਫੀਮੇਲ ਹਾਊਸਕੀਪਰ ਦੀ ਲੋੜ ਹੈ। ਘਰ ਪੂਰੀ ਤਰ੍ਹਾਂ ਸ਼ਾਕਾਹਾਰੀ ਹੈ, ਇਥੋਂ ਤੱਕ ਕਿ ਪਿਆਜ ਅਤੇ ਲਹਿਸਣ ਦੀ ਵਰਤੋਂ ਦੀ ਵੀ ਆਗਿਆ ਨਹੀਂ ਹੈ। ਕੰਮ ਦੇ ਵਿਚ ਖਾਣਾ ਬਣਾਉਣਾ, ਸਾਫ-ਸਫਾਈ ਅਤੇ ਸਾਰੇ ਘਰ ਦੀ ਵਧੀਆ ਤਰੀਕੇ ਨਾਲ ਸੰਭਾਲ ਕਰਨੀ ਸ਼ਾਮਲ ਹਨ। ਹਾਊਸਕੀਪਰ ਨੂੰ ਘਰ ਦੇ ਮੈਂਬਰ ਵਾਂਗ ਰੱਖਿਆ ਜਾਵੇਗਾ। ਚਾਹਵਾਨ ਕ੍ਰਿਪਾ ਕਰਕੇ vbsharma@vbsharma.ca ਉਤੇ ਅਪਲਾਈ ਕਰਨ। ਫੋਨ ਨੰਬਰ 416-292-4431 ext. 224 ਉਤੇ 3 ਵਜੇ ਤੋਂ ਬਾਅਦ ਸੰਪਰਕ ਕਰ ਸਕਦੇ ਹਨ।




# ਵਿਧਾਨ ਸਭਾ ਸਪੀਕਰ ਵੱਲੋਂ ਮੋਟੇ ਅਨਾਜ ਸਬੰਧੀ ਪ੍ਰਸਿੱਧ ਵਿਗਿਆਨੀ ਡਾ. ਖਾਦਰ ਵਲੀ ਨਾਲ ਸੰਵਾਦ ਪ੍ਰੋਗਰਾਮ

ਚੰਡੀਗੜ੍ਹ, 23 ਮਈ (ਪੋਸਟ ਬਿਊਰੋ): ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਪ੍ਰਸਿੱਧ ਵਿਗਿਆਨੀ ਅਤੇ ਕੁਦਰਤੀ ਸਿਹਤ ਪ੍ਰਣਾਲੀ ਦੇ ਮਾਹਿਰ ਪਦਮਸ਼੍ਰੀ ਡਾ. ਖਾਦਰ ਵਲੀ ਨਾਲ "ਮਿਲੇਟ ਦੀ ਖ਼ੁਰਾਕ ਨਾਲ ਰੋਗ ਮੁਕਤ, ਸਿਹਤਮੰਦ ਜੀਵਨਸ਼ੈਲੀ" ਵਿਸ਼ੇ 'ਤੇ ਸੰਵਾਦ ਪ੍ਰੋਗਰਾਮ ਕਰਵਾਇਆ ਗਿਆ।

ਆਪਣੀ ਸਰਕਾਰੀ ਰਿਹਾਇਸ਼ ਵਿਖੇ ਰੱਖੇ ਸੰਖੇਪ ਪ੍ਰੋਗਰਾਮ ਮੌਕੇ ਵਿਚਾਰ-ਵਟਾਂਦਰੇ ਦੌਰਾਨ ਸਪੀਕਰ ਨੇ ਕਿਹਾ ਕਿ ਸੰਯੁਕਤ ਰਾਸ਼ਟਰ ਵੱਲੋਂ ਸਾਲ 2023 ਨੂੰ "ਮੋਟੇ ਅਨਾਜ ਦਾ ਕੌਮਾਂਤਰੀ ਵਰ੍ਹਾ" ਐਲਾਨਿਆ ਗਿਆ ਹੈ। ਉਨ੍ਹਾਂ ਕਿਹਾ ਕਿ ਮਿਲੇਟ ਮਨੁੱਖਾਂ ਲਈ ਸਭ ਤੋਂ ਪੁਰਾਣੇ ਜਾਣੇ ਜਾਂਦੇ ਭੋਜਨਾਂ ਵਿੱਚੋਂ ਇੱਕ ਹੈ। ਮੋਟਾ ਜਾਂ ਮੂਲ ਅਨਾਜ ਸਿਹਤ ਲਈ ਹੀ ਨਹੀਂ, ਸਗੋਂ ਕੁਦਰਤ ਲਈ ਵੀ ਲਾਹੇਵੰਦ ਹੈ ਕਿਉਂਕਿ ਛੋਟੇ ਬੀਜਾਂ ਵਾਲੀਆਂ ਇਹ ਫ਼ਸਲਾਂ ਮੌਸਮ ਵਿੱਚ ਹੋਣ ਵਾਲੀਆਂ ਤਬਦੀਲੀਆਂ ਅਨੁਸਾਰ ਲਚਕੀਲੀਆਂ ਹੁੰਦੀਆਂ ਹਨ ਅਤੇ ਇਸ ਅਨਾਜ ਦੀ ਪੈਦਾਵਾਰ ਲਈ ਪਾਣੀ ਦੀ ਖਪਤ ਵੀ ਘੱਟ ਹੁੰਦੀ ਹੈ।

ਵਿਚਾਰ ਚਰਚਾ ਦੌਰਾਨ 'ਮਿਲੇਟਮੈਨ ਆਫ਼ ਇੰਡੀਆ' ਪਦਮਸ਼੍ਰੀ ਡਾ. ਖਾਦਰ ਵਲੀ ਨੇ ਦੱਸਿਆ ਕਿ ਮੋਟੇ ਅਨਾਜ ਤੋਂ ਤਿਆਰ ਕੀਤਾ ਗਿਆ ਭੋਜਨ ਖਾਣ ਨਾਲ ਬੀਮਾਰੀਆਂ ਤੋਂ ਛੁਟਕਾਰਾ ਮਿਲਦਾ ਹੈ ਕਿਉਂ ਜੋ ਇਹ ਮੂਲ ਅਨਾਜ ਪ੍ਰੋਟੀਨ, ਫ਼ਾਈਬਰ ਅਤੇ ਹੋਰ ਤੱਤਾਂ ਨਾਲ ਭਰਪੂਰ ਹੁੰਦਾ ਹੈ। ਉਨ੍ਹਾਂ ਕਿਹਾ ਕਿ ਮੋਟੇ ਅਨਾਜ ਬਲੱਡ ਸ਼ੂਗਰ ਅਤੇ ਕੋਲੇਸਟ੍ਰੋਲ ਨੂੰ ਸੰਤੁਲਿਤ ਰੱਖਦੇ ਹਨ। ਉਨ੍ਹਾਂ ਕਿਹਾ ਕਿ ਸਿਹਤਮੰਦ ਜ਼ਿੰਦਗੀ ਜੀਊਣ ਲਈ ਸਾਨੂੰ ਕੁਦਰਤੀ ਜਾਂ ਮੂਲ ਅਨਾਜ ਵੱਲ ਮੁੜਨਾ ਪਵੇਗਾ।

ਇਸ ਮੌਕੇ ਡਾ. ਵਲੀ ਨੇ ਸਮਾਗਮ 'ਚ ਮੌਜੂਦ ਸ਼ਖ਼ਸੀਅਤਾਂ ਨੂੰ ਪ੍ਰੋਟੀਨ, ਫ਼ਾਈਬਰ ਅਤੇ ਤੱਤਾਂ ਨਾਲ ਭਰਪੂਰ ਮੂਲ ਅਨਾਜ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਉਣ ਦੀ ਅਪੀਲ ਵੀ ਕੀਤੀ।










## ਲੜਕੀ ਦੀ ਲੋੜ

ਜੱਟ ਸਿੱਖ ਸੰਧੂ ਲੜਕਾ, ਉਮਰ 33 ਸਾਲ, ਕੱਦ 5 ਫੁਟ, 11 ਇੰਚ, 12ਵੀਂ ਪਾਸ, ਵਰਕ ਪਰਮਿਟ ਦੋ ਸਾਲ, ਬ੍ਰੈਂਪਟਨ, ਪਿਤਾ ਵੀ ਇਥੇ, ਮਾਤਾ ਵੀ ਆ ਰਹੀ ਹੈ। ਇਕਲੌਤਾ ਲੜਕਾ, ਚੰਗੀ ਜਾਇਦਾਦ, ਨਸ਼ਿਆਂ ਤੋਂ ਬਿਲਕੁਲ ਰਹਿਤ, ਭੂਆਂ ਕੋਲ ਰਹਿੰਦਾ ਹੈ, ਲਈ ਯੋਗ ਲੜਕੀ ਸਿਟੀਜ਼ਨ, ਪੀ.ਆਰ. ਹੋਵੇ। ਹੋਣ ਜਾਣਕਾਰੀ ਲਈ ਸੰਪਰਕ ਕਰੋ: 647-631-9445

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.







## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664


ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11", B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ। ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661




## ਲੜਕੇ ਦੀ ਲੋੜ

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com







## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ:9478403300

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com



## ਇਮਰਾਨ ਤੇ ਬੁਸ਼ਰਾ ਨੂੰ ਨਹੀਂ ਹੋਣਗੇ ਗ੍ਰਿਫ਼ਤਾਰ, ਅਦਾਲਤ ਨੇ ਦਿੱਤੀ ਵੱਡੀ ਰਾਹਤ



ਲਾਹੌਰ, 23 ਮਈ (ਪੋਸਟ ਬਿਊਰੋ): ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਅਤੇ ਪਾਕਿਸਤਾਨ ਹਰੀਕ-ਏ-ਇਨਸਾਫ (ਪੀਟੀਆਈ) ਦੇ ਮੁਖੀ ਇਮਰਾਨ ਖਾਨ ਅਤੇ ਉਨ੍ਹਾਂ ਦੀ ਪਤਨੀ ਬੁਸ਼ਰਾ ਬੀਬੀ ਨੂੰ ਵੱਖ-ਵੱਖ ਮਾਮਲਿਆਂ ਬਾਰੇ ਰਾਹਤ ਮਿਲੀ ਹੈ। ਦਰਅਸਲ, ਜਿੱਥੇ ਇੱਕ ਅੱਤਵਾਦ ਵਿਰੋਧੀ ਅਦਾਲਤ ਯਾਨੀ ਏਟੀਸੀ ਨੇ ਖਾਨ ਦੇ ਖਿਲਾਫ ਦਰਜ ਅੱਠ ਮਾਮਲਿਆਂ ਵਿੱਚ ਉਸਦੀ ਅੰਤਰਿਮ ਜ਼ਮਾਨਤ ਵਧਾ ਦਿੱਤੀ ਸੀ। ਇਸ ਦੇ ਨਾਲ ਹੀ ਉਨ੍ਹਾਂ ਦੀ ਪਤਨੀ ਨੂੰ ਅਲਕਾਦਿਰ ਟਰੱਸਟ ਮਾਮਲੇ 'ਚ ਅੰਤਰਿਮ ਜ਼ਮਾਨਤ ਮਿਲ ਗਈ ਹੈ।

ਇਮਰਾਨ ਨੇ ਅੱਠ ਵੱਖ-ਵੱਖ ਮਾਮਲਿਆਂ 'ਚ ਅੱਤਵਾਦ ਵਿਰੋਧੀ ਅਦਾਲਤ 'ਚ ਪਟੀਸ਼ਨਾਂ ਦਾਇਰ ਕੀਤੀਆਂ ਸਨ। ਉਹ ਇਹ ਪਟੀਸ਼ਨਾਂ ਦਾਇਰ ਕਰਨ ਲਈ ਰਾਵਲਪਿੰਡੀ ਦਫ਼ਤਰ ਪੁੱਜੇ ਸਨ। ਇਨ੍ਹਾਂ ਮਾਮਲਿਆਂ ਦੀ ਸੁਣਵਾਈ ਤੋਂ ਬਾਅਦ ਅਦਾਲਤ ਨੇ ਉਨ੍ਹਾਂ ਨੂੰ ਵੱਡੀ ਰਾਹਤ ਦਿੰਦਿਆਂ ਉਨ੍ਹਾਂ ਦੀ ਗ੍ਰਿਫਤਾਰੀ 'ਤੇ ਰੋਕ ਲਗਾ ਦਿੱਤੀ ਹੈ। ਅਦਾਲਤ ਨੇ ਇਮਰਾਨ ਨੂੰ 8 ਜੂਨ ਤੱਕ ਗ੍ਰਿਫ਼ਤਾਰ ਨਾ ਕਰਨ ਦਾ ਹੁਕਮ ਦਿੱਤਾ ਹੈ।

ਸੁਣਵਾਈ ਦੌਰਾਨ ਇਮਰਾਨ ਨੇ ਕਿਹਾ ਕਿ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਮੇਰੇ 'ਤੇ ਪਹਿਲਾ ਆਤਮਘਾਤੀ ਹਮਲਾ ਵਜ਼ੀਰਾਬਾਦ 'ਚ ਹੋਇਆ ਸੀ। ਫਿਰ ਅਦਾਲਤੀ ਕੰਪਲੈਕਸ ਵਿੱਚ ਹਮਲਾ ਹੋਇਆ। ਗ੍ਰਿਹ ਮੰਤਰੀ ਵਿਰੋਧੀ ਪਾਰਟੀ ਦੇ ਹਨ। ਉਹ ਖੁਦ ਕਹਿ ਰਹੇ ਹਨ ਕਿ ਮੇਰੀ ਜਾਨ ਨੂੰ ਖਤਰਾ ਹੈ। ਉਨ੍ਹਾਂ ਅਦਾਲਤ ਨੂੰ ਦੱਸਿਆ ਕਿ ਲੋਕ ਪਾਰਟੀ ਨਹੀਂ ਛੱਡ ਰਹੇ ਹਨ। ਉਨ੍ਹਾਂ 'ਤੇ ਦਬਾਅ ਬਣਾਇਆ ਜਾ ਰਿਹਾ ਹੈ। ਇਮਰਾਨ ਨੇ ਦੱਸਿਆ ਕਿ ਉਹ ਆਪਣੀ ਪਾਰਟੀ ਦੇ ਵਰਕਰਾਂ ਅਤੇ ਔਰਤਾਂ ਨੂੰ ਲੈ ਕੇ ਚਿੰਤਤ ਹਨ। ਇਨ੍ਹਾਂ ਲੋਕਾਂ ਨਾਲ ਮਾੜਾ ਸਲੂਕ ਕੀਤਾ ਜਾ ਰਿਹਾ ਹੈ।

## ਥਾਈਲੈਂਡ ਵਿੱਚ ਮੀਂਹ ਕਾਰਨ ਡਿੱਗੀ ਸਕੂਲ ਦੀ ਛੱਤ, 4 ਬੱਚਿਆਂ ਸਮੇਤ 7 ਦੀ ਮੌਤ

ਬੈਂਕਾਕ, 23 ਮਈ (ਪੋਸਟ ਬਿਊਰੋ): ਉੱਤਰੀ ਥਾਈਲੈਂਡ ਵਿੱਚ ਤੂਫ਼ਾਨ ਅਤੇ ਮੀਂਹ ਕਾਰਨ ਇੱਕ ਸਕੂਲ ਦੀ ਛੱਤ ਡਿੱਗਣ ਕਾਰਨ ਚਾਰ ਬੱਚਿਆਂ ਸਮੇਤ ਸੱਤ ਲੋਕਾਂ ਦੀ ਮੌਤ ਹੋ ਗਈ। ਅਧਿਕਾਰੀਆਂ ਵੱਲੋਂ ਮੰਗਲਵਾਰ ਨੂੰ ਦਿੱਤੀ ਗਈ ਜਾਣਕਾਰੀ ਮੁਤਾਬਕ ਸੋਮਵਾਰ ਨੂੰ ਹੋਈ ਇਸ ਘਟਨਾ 'ਚ ਕਈ ਲੋਕ ਜ਼ਖਮੀ ਵੀ ਹੋਏ ਹਨ। ਬੈਂਕਾਕ ਤੋਂ 300 ਕਿਲੋਮੀਟਰ ਉੱਤਰ 'ਚ ਫਿਚਿਟ ਸੂਬੇ ਦੇ ਜਨਸੰਪਰਕ ਦਫਤਰ ਮੁਤਾਬਕ ਇਹ ਘਟਨਾ ਵਾਟ ਨਾਇਰਨ ਪੋਰ ਪ੍ਰਾਇਮਰੀ ਸਕੂਲ 'ਚ ਵਾਪਰੀ।

ਸੋਮਵਾਰ ਦੇਰ ਰਾਤ ਹਸਪਤਾਲ ਵਿੱਚ ਦਾਖ਼ਲ ਛੇ ਸਾਲਾ ਬੱਚੇ ਦੀ ਮੌਤ ਨਾਲ ਮਰਨ ਵਾਲਿਆਂ ਦੀ ਗਿਣਤੀ ਸੱਤ ਹੋ ਗਈ। ਅਧਿਕਾਰਤ ਆਫ਼ਤ ਰੋਕਥਾਮ ਵਿਭਾਗ ਅਨੁਸਾਰ, ਛੱਤ ਡਿੱਗਣ 'ਤੇ ਕਈ ਵਿਦਿਆਰਥੀਆਂ ਨੇ ਮੀਂਹ ਤੋਂ ਬਚਣ ਲਈ ਸਕੂਲ ਕੈਂਪਸ ਦੇ ਗਤੀਵਿਧੀ ਕੇਂਦਰ ਵਿੱਚ ਸ਼ਰਨ ਲਈ ਸੀ। ਛੱਤ ਡਿੱਗਦੇ ਹੀ ਹਫੜਾ-ਦਫੜੀ ਮਚ ਗਈ ਅਤੇ ਵੱਡੀ ਗਿਣਤੀ 'ਚ ਜ਼ਖਮੀ ਲੋਕਾਂ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ।



ਸੂਬਾਈ ਜਨਸੰਪਰਕ ਵਿਭਾਗ ਦੇ ਸਟਾਫ਼ ਮੈਂਬਰ ਪੈਚਰੀਨ ਸਿਰੀ ਨੇ ਦੱਸਿਆ ਕਿ ਹਾਦਸੇ ਮਰਨ ਵਾਲਿਆਂ ਵਿੱਚ ਚਾਰ ਵਿਦਿਆਰਥੀ, ਦੋ ਮਾਪੇ ਅਤੇ ਸਕੂਲ ਦਾ ਇੱਕ ਸਵੀਪਰ ਸ਼ਾਮਲ ਹੈ। ਮੌਸਮ ਵਿਭਾਗ ਨੇ ਇਸ ਹਫਤੇ ਉੱਤਰੀ ਥਾਈਲੈਂਡ ਵਿੱਚ ਭਾਰੀ ਮੀਂਹ ਦੀ ਚੇਤਾਵਨੀ ਜਾਰੀ ਕੀਤੀ ਹੈ। ਥਾਈਲੈਂਡ ਵਿੱਚ ਸੋਮਵਾਰ ਨੂੰ ਬਰਸਾਤ ਦਾ ਮੌਸਮ ਅਧਿਕਾਰਤ ਤੌਰ 'ਤੇ ਸ਼ੁਰੂ ਹੋ ਗਿਆ।

## ਮਹਾਰਾਸ਼ਟਰ ਵਿਚ ਦੋ ਵੱਖ ਵੱਖ ਸੜਕ ਹਾਦਸਿਆਂ ਵਿਚ 12 ਦੀ ਮੌਤ, ਕਈ ਜਖਮੀ

ਨਾਗਪੁਰ, 23 ਮਈ (ਪੋਸਟ ਬਿਊਰੋ): ਮਹਾਰਾਸ਼ਟਰ ਦੇ ਬੁਲਢਾਨਾ 'ਚ ਨਾਗਪੁਰ-ਪੁਣੇ ਹਾਈਵੇਅ 'ਤੇ ਭਿਆਨਕ ਸੜਕ ਹਾਦਸਾ ਵਾਪਰਿਆ ਹੈ। ਟਰੱਕ ਅਤੇ ਐਸਟੀ ਬੱਸ ਦੀ ਟੱਕਰ 'ਚ 7 ਲੋਕਾਂ ਦੀ ਮੌਤ ਹੋ ਗਈ ਅਤੇ 13 ਲੋਕ ਜ਼ਖਮੀ ਹੋ ਗਏ। ਇਹ ਹਾਦਸਾ ਸਵੇਰੇ 7 ਵਜੇ ਦੇ ਕਰੀਬ ਸਿੰਧਖੇੜਾਜਾ ਤਹਿਸੀਲ ਦੇ ਪਿੰਡ ਪਲਸਖੇੜ ਚੱਕਾ ਨੇੜੇ ਵਾਪਰਿਆ। ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਮੇਹੇਕਰ ਡਿਪੋ ਦੀ ਬੱਸ ਪੁਣੇ ਤੋਂ ਮੇਹੇਕਰ ਜਾ ਰਹੀ ਸੀ, ਜਦੋਂ ਉਸ ਦੀ ਸਾਹਮਣੇ ਤੋਂ ਆ ਰਹੇ ਤੇਜ਼ ਰਫ਼ਤਾਰ ਟਰੱਕ ਨਾਲ ਟੱਕਰ ਹੋ ਗਈ। ਜ਼ਖਮੀਆਂ ਨੂੰ ਸਿੰਧਖੇੜਾ ਦੇ ਸਰਕਾਰੀ




ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ।

ਉਥੇ ਹੀ ਮਹਾਰਾਸ਼ਟਰ ਦੇ ਅਮਰਾਵਤੀ ਜ਼ਿਲ੍ਹੇ ਵਿੱਚ ਇੱਕ ਤੇਜ਼ ਰਫ਼ਤਾਰ ਟਰੱਕ ਨੇ ਇੱਕ ਕਾਰ ਨੂੰ ਟੱਕਰ ਮਾਰ ਦਿੱਤੀ, ਜਿਸ ਵਿੱਚ ਘੱਟੋ-ਘੱਟ ਪੰਜ ਲੋਕਾਂ ਦੀ ਮੌਤ ਹੋ ਗਈ, ਜਦੋਂ ਕਿ ਸੱਤ ਹੋਰ ਜ਼ਖ਼ਮੀ ਹੋ ਗਏ। ਇਕ ਅਧਿਕਾਰੀ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਇਹ ਹਾਦਸਾ ਸੋਮਵਾਰ ਰਾਤ ਕਰੀਬ 11 ਵਜੇ ਰਾਜ ਦੀ ਰਾਜਧਾਨੀ ਮੁੰਬਈ ਤੋਂ ਕਰੀਬ 650 ਕਿਲੋਮੀਟਰ ਦੂਰ ਅਮਰਾਵਤੀ ਦੇ ਖੱਲਰ ਥਾਣਾ ਖੇਤਰ ਦੇ ਅਧੀਨ ਦਰਿਆਪੁਰ-ਅੰਜਨਗਾਂਵ ਰੋਡ 'ਤੇ ਵਾਪਰਿਆ। ਅਧਿਕਾਰੀ ਨੇ ਦੱਸਿਆ ਕਿ ਮਰਨ ਵਾਲਿਆਂ 'ਚ ਜ਼ਿਆਦਾਤਰ ਇੱਕੋ ਪਰਿਵਾਰ ਦੇ ਮੈਂਬਰ ਹਨ। ਉਹ ਇੱਕ ਪਰਿਵਾਰਕ ਸਮਾਗਮ ਤੋਂ ਦਰਿਆਪੁਰ ਪਰਤ ਰਹੇ ਸਨ। ਉਨ੍ਹਾਂ ਕਿਹਾ ਕਿ ਇਸ ਹਾਦਸੇ ਵਿੱਚ ਪੰਜ ਲੋਕਾਂ ਦੀ ਮੌਤ ਹੋ ਗਈ ਅਤੇ ਸੱਤ ਹੋਰ ਜ਼ਖ਼ਮੀ ਹੋ ਗਏ। ਜ਼ਖਮੀਆਂ ਨੂੰ ਦਰਿਆਪੁਰ ਦੇ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ।

## ਮਿਆਂਮਾਰ ਦੇ ਸਰਹੱਦੀ ਇਲਾਕਿਆਂ ਵਿੱਚ ਗ੍ਰਿਹ ਯੁੱਧ ਤੇਜ਼, ਆਰਥਿਕ ਗਲਿਆਰਾ ਹੋਇਆ ਸ਼ਿਕਾਰ

ਬਰਮਾ, 23 ਮਈ (ਪੋਸਟ ਬਿਊਰੋ): ਮਿਆਂਮਾਰ ਦੀ ਥਾਈਲੈਂਡ ਨਾਲ ਲੱਗਦੀ ਸਰਹੱਦ 'ਤੇ ਮਿਆਂਮਾਰ ਦੀ ਫੌਜ ਅਤੇ ਫੌਜੀ ਸ਼ਾਸਨ ਵਿਰੋਧੀ ਬਾਗੀਆਂ ਵਿਚਾਲੇ ਭਿਆਨਕ ਲੜਾਈ ਜਾਰੀ ਹੈ। ਇਹ ਖੇਤਰ ਮਿਆਂਮਾਰ ਦੇ ਨਸਲੀ ਘੱਟ-ਗਿਣਤੀ ਭਾਈਚਾਰਿਆਂ ਦਾ ਘਰ ਹੈ, ਜਿਨ੍ਹਾਂ ਨੇ ਦੇਸ਼ ਦੀ ਫੌਜ ਦੇ ਖਿਲਾਫ ਹਥਿਆਰਬੰਦ ਬਗਾਵਤ ਕੀਤੀ ਹੈ। ਲੜਾਈ ਨੇ ਇੱਕ ਵੱਡੇ ਆਰਥਿਕ ਵਿਕਾਸ ਪ੍ਰੋਜੈਕਟ 'ਤੇ ਕੰਮ ਠੱਪ ਕਰ ਦਿੱਤਾ ਹੈ। ਇਸ ਪ੍ਰੋਜੈਕਟ ਦੇ ਮੁਕੰਮਲ ਹੋਣ ਤੋਂ ਬਾਅਦ ਮਿਆਂਮਾਰ ਦੇ ਮੇਕਾਂਗ ਡੈਲਟਾ ਦੇਸ਼ਾਂ ਨਾਲ ਵਪਾਰ ਵਿੱਚ ਭਾਰੀ ਵਾਧਾ ਹੋਣ ਦੀ ਸੰਭਾਵਨਾ ਹੈ।

ਮਿਆਂਮਾਰ, ਥਾਈਲੈਂਡ, ਲਾਉਸ, ਕੰਬੋਡੀਆ ਅਤੇ ਵੀਅਤਨਾਮ ਮੇਕਾਂਗ ਡੈਲਟਾ ਖੇਤਰ ਵਿੱਚ ਆਉਂਦੇ ਹਨ। ਇਨ੍ਹਾਂ ਦੇਸ਼ਾਂ ਨੂੰ ਜੋੜਨ ਲਈ 1700 ਕਿਲੋਮੀਟਰ



ਲੰਬੇ ਪੂਰਬ-ਪੱਛਮੀ ਆਰਥਿਕ ਗਲਿਆਰੇ ਦੇ ਨਿਰਮਾਣ ਦਾ ਕੰਮ ਸ਼ੁਰੂ ਕੀਤਾ ਗਿਆ ਸੀ। ਜਦੋਂ ਦੋ ਸਾਲ ਪਹਿਲਾਂ ਮਿਆਂਮਾਰ ਵਿੱਚ ਫੌਜ ਨੇ ਚੁਣੀ ਹੋਈ ਸਰਕਾਰ ਦਾ ਤਖਤਾ ਪਲਟ ਦਿੱਤਾ ਸੀ ਤਾਂ ਇਸ ਪ੍ਰਾਜੈਕਟ 'ਤੇ ਕੰਮ ਪੂਰਾ ਹੋਣ ਦੇ ਨੇੜੇ ਸੀ। ਨਸਲੀ ਘੱਟਗਿਣਤੀ ਬਾਗੀਆਂ ਨੇ ਫਿਰ ਹਥਿਆਰਬੰਦ ਬਗਾਵਤ ਦਾ ਰਾਹ ਫੜ ਲਿਆ।

ਥਾਈਲੈਂਡ ਅਤੇ ਮਿਆਂਮਾਰ ਵਿਚਕਾਰ ਟਰੱਕ ਟਰਾਂਸਪੋਰਟ ਸੇਵਾਵਾਂ ਪ੍ਰਦਾਨ ਕਰਨ ਵਾਲੀ ਇੱਕ ਜਾਪਾਨੀ ਕੰਪਨੀ ਦੇ ਇੱਕ ਕਰਮਚਾਰੀ ਨੇ ਦੱਸਿਆ ਕਿ ਅਚਾਨਕ ਅਪ੍ਰੈਲ ਵਿੱਚ ਟਰੱਕਾਂ ਅਤੇ ਡਰਾਈਵਰਾਂ ਨੂੰ ਲੱਭਣਾ ਬਹੁਤ ਮੁਸ਼ਕਲ ਹੋ ਗਿਆ, ਪਿਛਲੇ ਮਾਰਚ ਤੋਂ ਸਮੁੰਦਰੀ ਮਾਰਗ ਰਾਹੀਂ ਮਿਆਂਮਾਰ ਨੂੰ ਭੇਜਣਾ ਜਾਂ ਉੱਥੋਂ ਮੰਗਵਾਉਣ ਦੀ ਲਾਗਤ 50 ਪ੍ਰਤੀਸ਼ਤ ਵਧ ਗਈ ਹੈ।

ਏਸ਼ੀਆ ਹਾਈਵੇ-1 ਪ੍ਰੋਜੈਕਟ ਨੂੰ ਥਾਈਲੈਂਡ ਅਤੇ ਮਿਆਂਮਾਰ ਵਿਚਕਾਰ ਜ਼ਮੀਨੀ ਆਵਾਜਾਈ ਦੇ ਇੱਕ ਪ੍ਰਮੁੱਖ ਸਾਧਨ ਵਜੋਂ ਬਣਾਇਆ ਜਾ ਰਿਹਾ ਹੈ। ਇਹ ਸੜਕ ਥਾਈਲੈਂਡ ਦੇ ਮੱਧ ਵਿੱਚ ਮਾਏ ਸੋਟ ਤੋਂ ਮਿਆਂਮਾਰ ਵਿੱਚ ਮਾਇਆਵਾਦੀ ਤੱਕ ਚੱਲੇਗੀ। ਪਰ ਇਸ ਇਲਾਕੇ 'ਤੇ ਕੈਰਨ ਨੈਸ਼ਨਲ ਯੂਨੀਅਨ ਨਾਂ ਦੀ ਖਾੜਕੂ ਜਥੇਬੰਦੀ ਦਾ ਕਬਜ਼ਾ ਹੈ। ਕੈਰਨ ਨੈਸ਼ਨਲ ਯੂਨੀਅਨ 20 ਨਸਲੀ ਕੱਟੜਪੰਥੀ ਸੰਗਠਨਾਂ ਵਿੱਚੋਂ ਇੱਕ ਹੈ ਜੋ ਮਿਆਂਮਾਰ ਦੀ ਫੌਜ ਨਾਲ ਲੜ ਰਹੀਆਂ ਹਨ।

## ਆਬਕਾਰੀ ਨੀਤੀ ਮਾਮਲੇ ਵਿਚ ਸਿਸੋਦੀਆ ਦੀ ਨਿਆਂਇਕ ਹਿਰਾਸਤ 1 ਜੂਨ ਤੱਕ ਵਧੀ

ਨਵੀਂ ਦਿੱਲੀ, 23 ਮਈ (ਪੋਸਟ ਬਿਊਰੋ): ਦਿੱਲੀ ਆਬਕਾਰੀ ਨੀਤੀ ਮਾਮਲੇ ਵਿੱਚ ਰੌਜ਼ ਐਵੇਨਿਊ ਅਦਾਲਤ ਨੇ 'ਆਪ' ਆਗੂ ਅਤੇ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੀ ਨਿਆਂਇਕ ਹਿਰਾਸਤ 1 ਜੂਨ ਤੱਕ ਵਧਾ ਦਿੱਤੀ ਹੈ। ਨਾਲ ਹੀ ਜੇਲ੍ਹ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤਾ ਕਿ ਉਹ ਅਧਿਐਨ ਦੇ ਉਦੇਸ਼ ਲਈ ਕੁਰਸੀ ਅਤੇ ਮੇਜ਼ ਮੁਹੱਈਆ ਕਰਾਉਣ ਦੀ ਉਨ੍ਹਾਂ ਦੀ ਬੇਨਤੀ 'ਤੇ ਵਿਚਾਰ ਕਰਨ। ਸੀਬੀਆਈ ਨੇ ਸਿਸੋਦੀਆ ਨੂੰ ਆਬਕਾਰੀ ਨੀਤੀ ਘੁਟਾਲੇ ਦੇ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਹੈ ਅਤੇ ਸਿਸੋਦੀਆ ਇਸ ਸਮੇਂ ਨਿਆਂਇਕ ਹਿਰਾਸਤ ਵਿੱਚ ਹੈ। ਇਸ ਤੋਂ ਪਹਿਲਾਂ ਦਿੱਲੀ ਦੀ ਇੱਕ ਅਦਾਲਤ ਨੇ ਮਨੀਸ਼ ਸਿਸੋਦੀਆ ਅਤੇ ਤਿੰਨ ਹੋਰਾਂ ਖ਼ਿਲਾਫ਼ ਸੀਬੀਆਈ ਦੀ ਸਪਲੀਮੈਂਟਰੀ ਚਾਰਜਸ਼ੀਟ 'ਤੇ ਆਪਣਾ ਹੁਕਮ



ਸੁਰੱਖਿਅਤ ਰੱਖ ਲਿਆ ਸੀ। ਸਿਸੋਦੀਆ ਤੋਂ ਇਲਾਵਾ ਅਰਜੁਨ ਪਾਂਡੇ, ਬੁਚੀ ਬਾਬੂ ਗੋਰਾਂਤਲਾ ਅਤੇ ਅਮਨਦੀਪ ਢਾਲ ਦਾ ਨਾਂ ਵੀ ਚਾਰਜਸ਼ੀਟ 'ਚ ਹੈ। ਵਿਸ਼ੇਸ਼ ਜੱਜ ਐਮਕੇ ਨਾਗਪਾਲ ਨੇ ਇਸ ਨੂੰ 27 ਮਈ ਨੂੰ ਹੁਕਮ ਸੁਣਾਉਣ ਲਈ ਸੂਚੀਬੱਧ ਕੀਤਾ ਹੈ।

ਸੀਬੀਆਈ ਨੇ ਆਪਣੀ ਪੂਰਕ ਚਾਰਜਸ਼ੀਟ ਵਿੱਚ ਦੋਸ਼ ਲਾਇਆ ਹੈ ਕਿ ਸਿਸੋਦੀਆ ਨੇ ਸ਼ਰਾਬ ਨੀਤੀ ਬਾਰੇ ਸੁਝਾਅ ਮੰਗਣ ਦੀ ਪ੍ਰਕਿਰਿਆ ਵਿੱਚ ਹੇਰਾਫੇਰੀ ਕਰਨ ਲਈ ਦਿੱਲੀ ਘੱਟ ਗਿਣਤੀ ਕਮਿਸ਼ਨ (ਡੀਐਮਸੀ) ਦੇ ਚੇਅਰਮੈਨ ਜ਼ਾਕਿਰ ਖਾਨ ਰਾਹੀਂ ਆਪਣੀ ਮਰਜ਼ੀ ਦੀਆਂ ਕੁਝ ਈਮੇਲਾਂ ਪ੍ਰਾਪਤ ਕੀਤੀਆਂ ਸਨ।

ਜਾਂਚ ਏਜੰਸੀ ਨੇ ਦਾਅਵਾ ਕੀਤਾ ਹੈ ਕਿ ਸਿਸੋਦੀਆ ਸਾਬਕਾ ਆਬਕਾਰੀ ਕਮਿਸ਼ਨਰ ਰਵੀ ਧਵਨ ਦੁਆਰਾ 13 ਅਕਤੂਬਰ, 2020 ਨੂੰ ਪੇਸ਼ ਕੀਤੀ ਮਾਹਰ ਕਮੇਟੀ ਦੀ ਰਿਪੋਰਟ ਦੀਆਂ ਸਿਫ਼ਾਰਸ਼ਾਂ ਤੋਂ ਖੁਸ਼ ਨਹੀਂ ਸਨ ਅਤੇ ਉਨ੍ਹਾਂ ਨੇ ਨਵੇਂ ਆਬਕਾਰੀ ਕਮਿਸ਼ਨਰ ਰਾਹੁਲ ਸਿੰਘ ਨੂੰ ਆਬਕਾਰੀ ਵਿਭਾਗ ਨੂੰ ਆਮ ਲੋਕਾਂ ਤੋਂ ਟਿੱਪਣੀਆਂ ਮੰਗਣ ਲਈ ਪਹਿਲ ਕਰਨ ਲਈ ਕਿਹਾ ਹੈ। ਅਤੇ ਹਿੱਸੇਦਾਰਾਂ ਨੂੰ ਰਿਪੋਰਟ ਪੋਰਟਲ 'ਤੇ ਪਾਉਣ ਦੇ ਨਿਰਦੇਸ਼ ਦਿੱਤੇ।

REXDALE BODY SHOP
USED CAR SALE



CHEEMA
LOWEST PRICE IN TOWN

Specialization In:
★ All Kinds of Body Work
★ Auto Glass Windshield
★ Denting, Painting & Welding

SPECIAL PAINT JOB $779

RENTAL CAR PROVIDED



25 years of Canadian Experience
OPEN MON - SAT 9AM TO 7PM

ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

Call Rick or Manminder Cheema: 416.749.9596 /416.951.6431

Towing Service Car Paint Starts $799*upto 100% Deductible Paid*

30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ਜ਼ਰੂਰੀ ਬੇਨਤੀ

ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਆਖੰਡ ਪਾਠ ਸਾਹਿਬ ਦਾ ਭੋਗ ੧ਓ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਡਿਕਸੀ ਰੋਡ ਗੁਰਦਵਾਰਾ ਸਾਹਿਬ ਵਿਖੇ 26 ਮਈ ਦਿਨ ਸ਼ੁਕਰਵਾਰ ਨੂੰ ਸਵੇਰੇ 11 ਵਜ਼ੇ ਆਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 28 ਮਈ ਦਿਨ ਐਤਵਾਰ ਨੂੰ ਸਵੇਰ 11 ਵਜ੍ਹੇ ਭੋਗ ਪਾਏ ਜਾਣਗੇ। ਸਮੂਹ ਇਲਾਕਾ ਨਿਵਾਸੀ ਸਾਧ ਸੰਗਤ ਨੂੰ ਹੁੰਮ-ਹਮਾਕੇ ਪਹੁੰਚਣ ਦੀ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈਂ।

ਵਧੇਰੇ ਜਾਣਕਾਰੀ ਲਈ ਹੇਠ ਲਿਖੇ ਫੋਨ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ:

ਧਰਮਿੰਦਰ ਸਿੰਘ ਸੂਚ 416-879-6824

ਪਰਮਜੀਤ ਸਿੰਘ ਸੂਚ 416-873-7508

ਸਰਬਜੀਤ ਸਿੰਘ ਸੂਚ 416-357-7667

ਗੁਰਮੇਲ ਸਿੰਘ ਸੂਚ 905-814-0756

ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਸਮਾਗਮ 2023

